# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 21.09.2016 ਨੂੰ ਸਵੇਰੇ 11.00 ਵਜੇ

ਅੱਜ ਮਿਤੀ 21.09.2016 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰ ਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 15 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 16 | ਹਰਮਿੰਦਰ ਸਿੰਘ | 17 | ਕੌਂਸਲਰ |
| 17 | ਰਾਜਾ ਸਿੰਘ | 18 | ਕੌਂਸਲਰ |
| 18 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 19 | ਦਰਸ਼ਨ ਕੁਮਾਰ | 20 | ਕੌਂਸਲਰ |
| 20 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 21 | ਸੁਖਮੰਦਰ ਸਿੰਘ | 22 | ਕੌਂਸਲਰ |
| 22 | ਕਮਲੇਸ਼ ਰਾਣੀ | 23 | ਕੌਂਸਲਰ |
| 23 | ਪ੍ਰਿਯਕਾ ਗੋਇਲ | 24 | ਕੌਂਸਲਰ |
| 24 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 25 | ਦਰਸ਼ਨਾ ਰਾਣੀ | 26 | ਕੌਂਸਲਰ |
| 26 | ਰਾਜ ਕੁਮਾਰ | 27 | ਕੌਂਸਲਰ |
| 27 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 28 | ਰਾਮ ਦਾਸ | 30 | ਕੌਂਸਲਰ |
| 29 | ਪ੍ਰੀਤਮ ਕੌਰ | 31 | ਕੌਂਸਲਰ |
| 30 | ਸ਼ਾਮ ਲਾਲ ਜੈਨ | 32 | ਕੌਂਸਲਰ |
| 31 | ਕਰਮਜੀਤ ਕੌਰ | 34 | ਕੌਂਸਲਰ |
| 32 | ਜੁਗਰਾਜ ਸਿੰਘ | 36 | ਕੌਂਸਲਰ |
| 33 | ਹਰਜਿੰਦਰ ਸਿੰਘ | 37 | ਕੌਂਸਲਰ |
| 34 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 35 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 36 | ਪ੍ਰਦੀਪ ਗੋਇਲ | 42 | ਕੌਂਸਲਰ |
| 37 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 38 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 39 | ਹਰਵਿੰਦਰ ਕੁਮਾਰ | 46 | ਕੌਂਸਲਰ |
| 40 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 41 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੀਮਤੀ ਗੁਰਿੰਦਰਪਾਲ ਕੌਰ ਮਾਂਗਟ, ਡਿਪਟੀ ਮੇਅਰ ਵੱਲੋਂ ਹੇਠ ਲਿਖੇ ਅਨੁਸਾਰ ਸ਼ੋਕ ਪ੍ਰਸਤਾਵ ਪੇਸ਼ ਕੀਤਾ:-

"18 ਸਤੰਬਰ 2016 ਨੂੰ ਜੰਮੂ ਕਸ਼ਮੀਰ ਵਿੱਚ ਊਰੀ ਸੈਨਿਕ ਕੈਂਪ ਵਿੱਚ ਸੋ ਰਹੇ ਦੇਸ਼ ਦੇ ਜਾਂਬਾਜ ਸੈਨਿਕਾਂ ਤੇ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ, ਭਾੜੇ ਦੇ ਟੱਟੂਆਂ ਨੇ ਸੈਨਿਕਾਂ ਤੇ ਹਮਲਾ ਕਰਕੇ 18 ਸੈਨਿਕਾਂ ਨੂੰ ਸ਼ਹੀਦ ਕਰ ਦਿੱਤਾ। ਨਗਰ ਨਿਗਮ ਬਠਿੰਡਾ ਦਾ ਸਮੁੱਚਾ ਪਰਿਵਾਰ ਪਾਕਿਸਤਾਨ ਦੀ ਇਸ ਕਾਇਰ ਅਤੇ ਘਨੌਣੀ ਹਰਕਤ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ। ਦੇਸ਼ ਦੇ ਇਹਨਾਂ ਜਾਂਬਾਜ ਸ਼ਹੀਦਾਂ ਨੂੰ ਸ਼ਤ-ਸ਼ਤ ਪ੍ਰਣਾਮ ਕਰਦੇ ਹੋਏ ਸ਼ਹੀਦਾਂ ਨੂੰ

ਸ਼ਰਦਾ ਦੇ ਫੁੱਲ ਭੇਂਟ ਕਰਦਾ ਹੈ। ਅਸੀ ਸ਼ਹੀਦਾਂ ਦੇ ਪਰਿਵਾਰ ਨਾਲ ਜਿੱਥੇ ਸੱਚੀ ਸੰਵੇਦਨਾ ਦਾ ਪ੍ਰਗਟਾਵਾ ਕਰਦੇ ਹਾਂ, ਉੱਥੇ ਇਹ ਭਰੋਸਾ ਵੀ ਦਿਵਾਉਂਦੇ ਹਾਂ ਕਿ ਇਸ ਦੁੱਖ ਦੀ ਘੜੀ ਵਿੱਚ ਸਾਰਾ ਦੇਸ਼ ਉਹਨਾਂ ਦੇ ਦੁੱਖ ਵਿੱਚ ਸ਼ਾਮਲ ਹੈ ਅਤੇ ਦੇਸ਼ ਯਕੀਨ ਦਿਵਾਉਂਦਾ ਹੈ ਕਿ ਉਹਨਾਂ ਦੀ ਕੁਰਬਾਨੀ ਬੇ-ਅਰਥ ਨਹੀਂ ਜਾਏਗੀ। ਜਲਦ ਹੀ ਦੇਸ਼ ਇਸਦਾ ਬਦਲਾ ਲਉਗਾ"।

ਮਤਾ ਨੰਬਰ 33: **ਹਾਊਸ ਵੱਲੋਂ ਜੰਮੂ ਕਸ਼ਮੀਰ ਵਿੱਚ ਊਰੀ ਸੈਨਿਕ ਕੈਂਪ ਵਿੱਚ ਸੋ ਰਹੇ ਦੇਸ਼ ਦੇ ਜਾਂਬਾਜ ਸੈਨਿਕਾਂ ਤੇ ਹੋਏ ਹਮਲੇ ਕਾਰਨ 18 ਸੈਨਿਕਾਂ ਦੇ ਸ਼ਹੀਦ ਹੋਣ ਤੇ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 21.09.2016 ਨੂੰ ਸਵੇਰੇ 11.15 ਵਜੇ

ਅੱਜ ਮਿਤੀ 21.09.2016 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਮਲਕੀਤ ਸਿੰਘ | 2 | ਕੌਂਸਲਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੋਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਪਰਮਿੰਦਰ ਕੋਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੋਰ ਬਰਾੜ | 14 | ਕੌਂਸਲਰ |
| 14 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 15 | ਹਰਮਿੰਦਰ ਸਿੰਘ | 17 | ਕੌਂਸਲਰ |
| 16 | ਰਾਜਾ ਸਿੰਘ | 18 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਸੁਖਮੰਦਰ ਸਿੰਘ | 22 | ਕੌਂਸਲਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਪ੍ਰਿੰਯਕਾ ਗੋਇਲ | 24 | ਕੌਂਸਲਰ |
| 22 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 23 | ਦਰਸ਼ਨਾ ਰਾਣੀ | 26 | ਕੌਂਸਲਰ |
| 24 | ਰਾਜ ਕੁਮਾਰ | 27 | ਕੌਂਸਲਰ |
| 25 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 26 | ਰਾਮ ਦਾਸ | 30 | ਕੌਂਸਲਰ |
| 27 | ਪ੍ਰੀਤਮ ਕੋਰ | 31 | ਕੌਂਸਲਰ |
| 28 | ਸ਼ਾਮ ਲਾਲ ਜੈਨ | 32 | ਕੌਂਸਲਰ |
| 29 | ਕਰਮਜੀਤ ਕੋਰ | 34 | ਕੌਂਸਲਰ |
| 30 | ਜੁਗਰਾਜ ਸਿੰਘ | 36 | ਕੌਂਸਲਰ |
| 31 | ਹਰਜਿੰਦਰ ਸਿੰਘ | 37 | ਕੌਂਸਲਰ |
| 32 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 33 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 34 | ਪ੍ਰਦੀਪ ਗੋਇਲ | 42 | ਕੌਂਸਲਰ |
| 35 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 36 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 37 | ਹਰਵਿੰਦਰ ਕੁਮਾਰ | 46 | ਕੌਂਸਲਰ |
| 38 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 39 | ਜਗਸੀਰ ਸਿੰਘ ਬੰਗੀ | 50 | ਕੌਂਸਲਰ |
| 40 | ਸ਼੍ਰੀ ਸਰੂਪ ਚੰਦ ਸਿੰਗਲਾ | | ਐਕਸ ਆਫਿਸ਼ੀਓ ਮੈਂਬਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਰਾਜਾ ਸਿੰਘ, ਕੌਂਸਲਰ ਨੇ ਕਿਹਾ ਕਿ ਅਸੀ ਤ੍ਰਿਵੇਣੀ ਕੰਪਨੀ ਤੋਂ ਬਹੁਤ ਜਿਆਦਾ ਦੁੱਖੀ ਹਾਂ। ਅਸੀ ਜਦੋਂ ਦੀ ਫੋਨ ਕਰਦੇ ਹਾਂ ਕਿ ਸਾਡੇ ਏਰੀਏ ਵਿੱਚ ਸੀਵਰੇਜ਼ ਦੀ ਸਮੱਸਿਆ ਆ ਰਹੀ ਹੈ ਤਾਂ ਅੱਗਿਉਂ ਜਵਾਬ ਮਿਲਦਾ ਹੈ ਕਿ ਮਸ਼ੀਨ ਕਿਤੇ ਹੋਰ ਲੱਗੀ ਹੋਈ ਹੈ। ਇਸਤੋਂ ਇਲਾਵਾ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਵੱਲੋਂ ਕਈ ਵਾਰ ਫੋਨ ਵੀ ਨਹੀਂ ਅਟੈਂਡ ਕੀਤਾ ਜਾਂਦਾ।

ਸ਼੍ਰੀ ਹਰਵਿੰਦਰ ਸ਼ਰਮਾ, ਕੌਂਸਲਰ ਨੇ ਜਲਦ ਤੋਂ ਜਲਦ ਉਹਨਾਂ ਦੇ ਏਰੀਏ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪਾਉਣ ਲਈ ਕਿਹਾ, ਤਾਂ ਜੋ ਇਸ ਉਪਰੰਤ ਸੜ੍ਹਕਾਂ ਬਣਵਾਈਆਂ ਜਾ ਸਕਣ ਅਤੇ ਲੋਕਾਂ ਨੂੰ ਆ ਰਹੀ ਦਿੱਕਤ ਤੋਂ ਨਿਜ਼ਾਤ ਮਿਲ ਸਕੇ।

ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨਗਰ ਦੀ ਗਲੀ ਨੰਬਰ 9 ਅਤੇ ਹਜ਼ੂਰਾ ਕਪੂਰਾ ਕਲੋਨੀ ਦੀ ਗਲੀ ਨੰਬਰ 7 ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਕਿਹਾ। ਇਸਤੋਂ ਇਲਾਵਾ ਉਹਨਾਂ ਦੇ ਏਰੀਏ ਵਿੱਚ ਰੋਡ ਜਾਲੀਆਂ ਵੀ ਸਾਫ ਹੋਣ ਵਾਲੀਆਂ ਹਨ, ਜੋ ਕਿ ਜਲਦੀ ਹੀ ਸਾਫ ਕਰਵਾਈਆਂ ਜਾਣ।

ਸ਼੍ਰੀ ਰਾਮ ਦਾਸ ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਿਰਕੀ ਬਾਜ਼ਾਰ ਅਤੇ ਹੋਰ ਇਲਾਕਿਆਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਸੀਵਰੇਜ਼ ਸਾਫ ਕਰਵਾਉਣ ਦੀ ਮੰਗ ਕੀਤੀ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਡੇਂਗੂ ਦਾ ਕਹਿਰ ਚੱਲ ਰਿਹਾ ਹੈ। ਉਹਨਾਂ ਬੇਨਤੀ ਕੀਤੀ ਕਿ ਫੋਗਿੰਗ ਮਸ਼ੀਨ ਨੂੰ ਹੋਰ ਜਿਆਦਾ ਸਮੇਂ ਲਈ ਚਲਾਇਆ ਜਾਵੇ। ਉਹਨਾਂ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਲਈ ਪਾਸ ਕੀਤੇ ਗਏ ਕੰਮਾਂ ਦੇ ਜਲਦ ਤੋਂ ਜਲਦ ਟੈਂਡਰ ਲਗਾਏ ਜਾਣ। ਉਹਨਾਂ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਤੋਂ ਆ ਰਹੀ ਦਿੱਕਤ ਨੂੰ ਵੀ ਦੂਰ ਕਰਨ ਲਈ ਬੇਨਤੀ ਕੀਤੀ। ਉਹਨਾਂ ਆਪਣੇ ਏਰੀਏ ਵਿੱਚ ਟਰੀ ਗਾਰਡ, ਪੌਦੇ, ਸਟਰੀਟ ਲਾਈਟਾਂ ਅਤੇ ਬੈਂਚ ਲਗਵਾਉਣ ਦੀ ਵੀ ਬੇਨਤੀ ਕੀਤੀ। ਉਹਨਾਂ ਆਪਣੇ ਏਰੀਏ ਵਿੱਚ ਨਿਗਮ ਵੱਲੋਂ ਬਣਾਈਆਂ ਸੜ੍ਹਕਾਂ ਲਈ ਧੰਨਵਾਦ ਕੀਤਾ।

ਸ਼੍ਰੀ ਜਗਰਾਜ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਮਸ਼ੀਨ ਲਗਾ ਕੇ ਸੀਵਰ ਦੀ ਸਫਾਈ ਕੀਤੀ ਜਾਵੇ।

ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਆਪਣੇ ਏਰੀਏ ਵਿੱਚ ਹੋਣ ਵਾਲੇ ਕੰਮਾਂ ਬਾਰੇ ਲਿਖ ਕੇ ਦਿੱਤਾ ਗਿਆ ਸੀ, ਜਿਸ ਵਿੱਚ ਮੇਨ ਰੋਡ ਗੁਰੂਕੁੱਲ ਰੋਡ, ਠੰਡੀ ਸੜ੍ਹਕ ਅਤੇ ਹੋਰ ਗਲੀਆਂ ਦੇ ਕੰਮ ਸ਼ਾਮਲ ਸਨ, ਪਰੰਤੂ ਅਜੇ ਤੱਕ ਕੰਮ ਨਹੀਂ ਹੋਇਆ। ਇਸਤੋਂ ਇਲਾਵਾ ਗਲੀ ਨੰਬਰ 5/13 ਵਿੱਚ ਸੀਵਰ ਪੈਣ ਵਾਲਾ ਹੈ। ਉਹਨਾਂ ਇਹ ਵੀ ਦਸਿਆ ਕਿ ਨਿਗਮ ਵੱਲੋਂ ਢਿਲੋਂ ਕਲੋਨੀ ਪਾਸੋਂ ਬਣਦੇ ਡਿਵੈਲਪਮੈਂਟ ਚਾਰਜ਼ਜ਼ ਭਰਵਾ ਲਏ ਗਏ ਹਨ, ਪਰੰਤੂ ਅਜੇ ਤੱਕ ਇਸ ਕਲੋਨੀ ਵਿੱਚ ਸੀਵਰ ਪਾਣੀ ਦੀ ਵਿਵਸਥਾ ਨਹੀਂ ਕੀਤੀ ਗਈ। ਉਹਨਾਂ ਦੋਸ਼ ਲਗਾਇਆ ਕਿ ਕਿਉਂ ਜੋ 47 ਅਤੇ 48 ਨੰਬਰ ਵਾਰਡ ਤੋਂ ਕਾਂਗਰੇਸ ਪਾਰਟੀ ਦੇ ਉਮੀਦਵਾਰ ਕੌਂਸਲਰ ਹਨ, ਇਸ ਲਈ ਉਹਨਾਂ ਦੇ ਏਰੀਏ ਵਿੱਚ ਕੰਮ ਨਹੀਂ ਹੋ ਰਹੇ। ਉਹਨਾਂ ਕਾਂਗਰੇਸ ਪਾਰਟੀ ਦੇ ਉਮੀਦਵਾਰਾਂ ਨਾਲ ਵਿਤਕਰਾ ਹੋਣ ਬਾਰੇ ਦੋਸ਼ ਲਗਾਇਆ। ਉਹਨਾਂ ਇਹ ਵੀ ਕਿਹਾ ਕਿ ਪਹਿਲਾਂ ਅਸੀ ਕਹਿੰਦੇ ਸੀ ਕਿ ਸੀਵਰੇਜ਼ ਬੋਰਡ ਕੰਮ ਨਹੀਂ ਕਰਦਾ। ਇਸ ਕਾਰਨ ਕੰਮ ਤ੍ਰਿਵੇਣੀ ਕੰਪਨੀ ਨੂੰ ਦੇ ਦਿੱਤਾ ਗਿਆ। ਪਰੰਤੂ ਤ੍ਰਿਵੇਣੀ ਕੰਪਨੀ ਨੂੰ ਨਿਯੁਕਤ ਕਰਨ ਦੇ ਬਾਵਜੂਦ ਵੀ ਸਾਨੂੰ ਮਾੜੀਆਂ ਸਰਵਿਸਜ਼ ਮਿਲ ਰਹੀਆਂ ਹਨ। ਉਹਨਾਂ ਆਪਣੇ ਏਰੀਏ ਵਿੱਚ ਸਫਾਈ ਦੇ ਮੰਦੇਹਾਲ ਬਾਰੇ ਵੀ ਕਿਹਾ। ਉਹਨਾਂ ਮੰਗ ਕੀਤੀ ਕਿ ਉਕਤ ਮਸਲਿਆਂ ਨੂੰ ਕਾਰਵਾਈ ਦਾ ਹਿੱਸਾ ਬਣਾਇਆ ਜਾਵੇ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਕਿਸੇ ਵੀ ਕੌਂਸਲਰ ਸਾਹਿਬਾਨ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਉਹਨਾਂ ਕਿਹਾ ਕਿ ਹਰ ਵਾਰਡ ਵਿੱਚ ਲੋੜ੍ਹ ਅਨੁਸਾਰ ਵਿਕਾਸ ਦੇ ਕੰਮ ਹੋ ਰਹੇ ਹਨ। ਉਹਨਾਂ ਦਸਿਆ ਕਿ ਤ੍ਰਿਵੇਣੀ ਕੰਪਨੀ ਨਾਲ 2-1/2 ਸਾਲ ਦਾ ਇਕਰਾਰਨਾਮਾ ਕੀਤਾ ਗਿਆ ਹੈ। ਇਸ ਲਈ 2-1/2 ਸਾਲ ਦਾ ਕੰਮ ਇੱਕ ਸਾਲ ਵਿੱਚ ਕਿਵੇਂ ਹੋ ਸਕਦਾ ਹੈ। ਉਹਨਾਂ ਇਹ ਵੀ ਦਸਿਆ ਕਿ ਹੁਣ ਤੱਕ ਦੀਆਂ ਹਾਊਸ ਦੀਆਂ ਕਾਰਵਾਈਆਂ ਕੱਢ ਕੇ ਦੇਖ ਲਉ, ਕਦੇ ਵੀ ਇਤਿਹਾਸ ਵਿੱਚ ਇੰਨੇ ਵਿਕਾਸ ਦੇ ਕੰਮ ਨਹੀਂ ਹੋਏ ਜਿੰਨ੍ਹੇ ਹੁਣ ਹੋ ਰਹੇ ਹਨ। ਉਹਨਾਂ ਯਕੀਨ ਦਿਵਾਇਆ ਕਿ ਜਿਸ ਵੀ ਵਾਰਡ ਵਿੱਚ ਵਿਕਾਸ ਦੇ ਕੰਮ ਬਕਾਇਆ ਹਨ, ਉਹ ਜਲਦ ਹੀ ਪੂਰੇ ਕਰ ਦਿੱਤੇ ਜਾਣਗੇ।

ਸ਼੍ਰੀ ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਕੋਠੇ ਅਮਰਪੁਰਾ, ਪਪੀਹਾ ਪੈਲੇਸ ਅਤੇ ਵਾਰਡ ਨੰਬਰ 2 ਵਿੱਚ ਜਲਦ ਤੋਂ ਜਲਦ ਫੋਗਿੰਗ ਕਰਵਾਈ ਜਾਵੇ।

ਸ਼੍ਰੀ ਰਾਜ ਕੁਮਾਰ ਗੋਇਲ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕਈ ਗਲੀਆਂ ਬਹੁਤ ਜਿਆਦਾ ਭੀੜੀਆਂ ਹਨ, ਜਿੰਨ੍ਹਾਂ ਵਿੱਚ ਮੱਛਰ ਮਾਰਨ ਵਾਲੀ ਮਸ਼ੀਨ ਨਹੀਂ ਜਾ ਸਕਦੀ। ਇਸ ਲਈ ਉਹਨਾਂ ਹੱਥ ਵਾਲੀ ਮਸ਼ੀਨ ਨਾਲ ਫੋਗਿੰਗ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਦੀ ਮਾਤਾ ਰਾਣੀ ਗਲੀ, ਗਾਂਧੀ ਗਲੀ ਵਿੱਚ ਲਗਾਈਆਂ ਟਾਈਲਾਂ ਬੈਠ ਗਈਆਂ ਹਨ। ਉਹਨਾਂ ਇਹਨਾਂ ਸੜ੍ਹਕਾਂ ਨੂੰ ਜਲਦ ਤੋਂ ਜਲਦ ਠੀਕ ਕਰਵਾਉਣ ਦੀ ਮੰਗ ਕੀਤੀ। ਉਹਨਾਂ ਆਪਣੇ ਏਰੀਏ ਵਿੱਚ ਸੀਵਰੇਜ਼ ਦੀ ਗਾਰ ਵੀ ਜਲਦ ਤੋਂ ਜਲਦ ਕੱਢਣ ਦੀ ਮੰਗ ਕੀਤੀ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਉਹਨਾਂ ਦੇ ਏਰੀਏ ਵਿੱਚ ਕਾਫੀ ਥਾਂਵਾਂ ਤੋਂ ਮੇਨਹੋਲ ਵੀ ਰਿਪੇਅਰ ਹੋਣ ਵਾਲੇ ਹਨ।

ਸ਼੍ਰੀ ਸੁਖਮੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਸ਼ਿਵ ਕਲੋਨੀ ਵਿੱਚ ਕਈ ਵਾਰ ਸੀਵਰੇਜ਼ ਬਲਾਕ ਹੋ ਜਾਂਦਾ ਹੈ। ਉਹਨਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਲਈ ਕਿਹਾ। ਉਹਨਾਂ ਜਲਦ ਤੋਂ ਜਲਦ ਡੀ-ਸਿਲਟਿੰਗ ਕਰਵਾਉਣ, ਸਾਰੇ ਕੌਂਸਲਰ ਸਾਹਿਬਾਨ ਨੂੰ ਡੀ-ਸਿਲਟਿੰਗ ਦਾ ਸ਼ਡਿਊਲ ਦੇਣ ਅਤੇ ਰੋਡ ਜਾਲੀਆਂ ਸਾਫ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਨਿਗਮ ਦੇ ਸਾਰੇ ਅਧਿਕਾਰੀਆਂ ਨੂੰ ਕੌਂਸਲਰ ਸਾਹਿਬਾਨਾਂ ਦੇ ਮੋਬਾਇਲ ਨੰਬਰ ਵੀ ਸੇਵ ਕਰ ਲਏ ਜਾਣ ਤਾਂ ਜੋ ਕੌਂਸਲਰ ਸਾਹਿਬਾਨਾਂ ਵੱਲੋਂ ਜੱਦ ਵੀ ਫੋਨ ਕੀਤਾ ਜਾਂਦਾ ਹੈ

ਤਾਂ ਉਸਦਾ ਸਹੀ-ਸਹੀ ਜਵਾਬ ਮਿਲ ਸਕੇ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਨਾਮਦੇਵ ਰੋਡ ਤੇ ਗਲੀ ਨੰਬਰ 8 ਵਿੱਚ ਸੀਵਰ ਦਾ ਮੇਨਹੋਲ ਰਿਪੇਅਰ ਹੋਣ ਵਾਲਾ ਹੈ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 19/3 ਤੇ 9 ਨੰਬਰ ਗਲੀ ਵਿੱਚ ਸੀਵਰ ਦੀ ਬਹੁਤ ਜਿਆਦਾ ਸਮੱਸਿਆ ਹੈ। ਇਸਤੋਂ ਇਲਾਵਾ ਪੀਣ ਵਾਲਾ ਪਾਣੀ ਵੀ ਗੰਦਲਾ ਆ ਰਿਹਾ ਹੈ।ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ।

ਸ੍ਰੀ ਹਰਪਾਲ ਸਿੰਘ ਢਿਲੋਂ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਸੀਵਰ ਓਵਰਫਲੋ ਹੋਣ ਕਾਰਨ ਬਹੁਤ ਜਿਆਦਾ ਦਿੱਕਤ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਉਹਨਾਂ ਦੇ ਏਰੀਏ ਵਿੱਚ ਵਿਕਾਸ ਦੇ ਕੰਮ ਕਰਵਾਉਣ ਖਾਤਰ ਮਾਨਯੋਗ ਮੇਅਰ ਸਾਹਿਬ, ਮਾਨਯੋਗ ਐਮ.ਐਲ.ਏ. ਸਾਹਿਬ, ਪੰਜਾਬ ਸਰਕਾਰ ਅਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਆਪਣੇ ਏਰੀਏ ਵਿੱਚ ਸੀਵਰੇਜ਼ ਦਾ ਕੰਮ ਜਲਦ ਤੋਂ ਜਲਦ ਕਰਨ ਲਈ ਕਿਹਾ। ਇਸਤੇ ਸ਼੍ਰੀ ਸਰੂਪ ਚੰਦ ਸਿੰਗਲਾ, ਮਾਨਯੋਗ ਐਮ.ਐਲ.ਏ. ਸਾਹਿਬ ਨੇ ਯਕੀਨ ਦਿਵਾਇਆ ਕਿ ਕੰਮ ਜਲਦੀ ਹੀ ਪੂਰਾ ਕਰ ਦਿੱਤਾ ਜਾਵੇਗਾ।

ਮਾਨਯੋਗ ਮੇਅਰ ਸਾਹਿਬ ਨੇ ਕਮਿਸ਼ਨਰ ਸਾਹਿਬ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿੰਨ੍ਹਾਂ ਵੀ ਕੌਂਸਲਰ ਸਾਹਿਬਾਨ ਨੂੰ ਪਾਣੀ ਅਤੇ ਸੀਵਰੇਜ਼ ਸਬੰਧੀ ਦਿੱਕਤ ਆ ਰਹੀ ਹੈ, ਉਸਨੂੰ ਜਲਦ ਤੋਂ ਜਲਦ ਦੂਰ ਕੀਤਾ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਸੰਗੂਆਣਾ ਬਸਤੀ ਵਿੱਚ ਸਕੂਲ ਖਾਤਰ ਜਗ੍ਹਾ ਸਿਰਫ 120 ਗੱਜ਼ ਹੀ ਹੈ। ਇਸ ਲਈ ਯੋਗ ਹੋਵੇਗਾ ਸੰਗੂਆਣਾ ਬਸਤੀ ਵਿੱਚ ਟੋਭੇ ਨੂੰ ਖੂਬਸੂਰਤ ਬਨਾਉਣ ਖਾਤਰ ਜੋ ਏਜੰਡਾ ਡਿਸਕਸ ਕੀਤਾ ਜਾਣਾ ਹੈ, ਉਸ ਵਿੱਚ 1000-1500 ਗਜ਼ ਜਗ੍ਹਾ ਸਕੂਲ ਲਈ ਰੱਖ ਲਈ ਜਾਵੇ, ਤਾਂ ਜੋ ਇਸ ਇਲਾਕੇ ਵਿੱਚ ਗਰੀਬ ਬੱਚਿਆਂ ਦਾ ਭੱਵਿਖ ਸੁਨਿਹਰਾ ਬਣਾਇਆ ਜਾ ਸਕੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 08.08.2016 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 34:** **ਮੀਟਿੰਗ ਮਿਤੀ 08.08.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ: 2**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਸਥਾਨਕ ਸਰਕਾਰ ਦੇ ਹੁਕਮ 5/111/2016-4994/506-508 ਮਿਤੀ 16/09/2016 ਰਾਹੀਂ ਸਰਕਾਰ ਪੱਧਰ ਤੇ ਫੈਸਲਾ ਲਿੱਤਾ ਗਿਆ ਹੈ ਕਿ ਨਗਰ ਨਿਗਮਾਂ ਵਿੱਚ ਲਗੀਆਂ ਹੋਈਆਂ ਰਵਾਇਤੀ ਸਟਰੀਟ ਲਾਇਟਾਂ ਦੀ ਜਗ੍ਹ LED Street Lights ਲਗਾਈਆਂ ਜਾਣ ਅਤੇ ਇਹ ਸਟਰੀਟ ਲਾਇਟਾਂ ਭਾਰਤ ਸਕਰਾਰ ਦੀ ਪਬਲਿਕ ਸੈਕਟਰ ਅੰਡਰਟੈਕਿੰਗ (PSU) M/s Energy Efficiency Services Ltd. (EESL) ਵੱਲੋਂ ਲਗਾਈਆਂ ਜਾਣਗੀਆਂ ਜੋ ਕਿ Ministry of Power ਭਾਰਤ ਸਰਕਾਰ ਅਧੀਨ ਕੰਮ ਕਰਦੀ ਹੈ।ਐਲ.ਈ.ਡੀ ਸਟਰੀਟ ਲਾਇਟ ਤੇ ਆਉਣ ਵਾਲਾ ਖਰਚਾ EESL Co. ਵੱਲੋਂ ਕੀਤਾ ਜਾਵੇਗਾ ਅਤੇ 7 ਸਾਲਾਂ ਲਈ ਲਗਾਈ ਜਾਣ ਵਾਲੀ ਐਲ.ਈ.ਡੀ ਸਟਰੀਟ ਲਾਇਟ ਦੀ ਦੇਖਭਾਲ ਵੀ ਕੀਤੀ ਜਾਵੇਗੀ।EESL Co. ਵੱਲੋਂ ਕੀਤੇ ਗਏ ਖਰਚੇ ਦਾ ਭੁਗਤਾਨ ਨਗਰ ਨਿਗਮ ਵੱਲੋਂ ਸਾਲਨਾ (Annuity) ਦੇ ਰੂਪ ਵਿੱਚ ਕੀਤਾ ਜਾਵੇਗਾ।EESL Co. ਵੱਲੋਂ 50% ਮੌਜੂਦਾ ਬਿਜਲੀ ਦੀ ਖਪਤ ਤੇ ਸੈਵਿੰਗ ਦੇਣੀ ਲਾਜਮੀ ਕੀਤੀ ਗਈ ਹੈ।ਸਾਲਨਾ (Annuity) ਦਾ ਭੁਗਤਾਨ ਇਸ ਤਰ੍ਹਾਂ ਤਹਿ ਕੀਤਾ ਗਿਆ ਹੈ ਕਿ ਜੋ ਨਗਰ ਨਿਗਮ ਵੱਲੋਂ ਸਟਰੀਟ ਲਾਇਟ ਦੇ ਬਿਜਲੀ ਦੇ ਬਿੱਲ ਅਤੇ ਦੇਖਭਾਲ ਤੇ ਮੌਜੂਦਾ ਸਲਾਨਾ ਖਰਚਾ ਆਉਂਦਾ ਹੈ ਉਸ ਵਿੱਚ ਹੀ ਨਗਰ ਨਿਗਮ ਵੱਲੋਂ ਸਾਲਨਾ (Annuity) ਦੀ EESL Co. ਨੂੰ ਭੁਗਤਾਨ ਅਤੇ ਬਿਜਲੀ ਦੇ ਬਿੱਲ ਦਾ ਭੁਗਤਾਨ ਕੀਤਾ ਜਾ ਸਕੇ।ਸਾਲਨਾ (Annuity) ਦੀ ਗਣਨਾ (Calculation) ਬਨਣ ਬਾਰੇ ਦਾ ਵੇਰਵਾ ਵਿਸਾਰਪੂਰਵਕ ਨਾਲ ਨੱਥੀ ਇਕਰਾਰਨਾਮੇ ਦੀ ਧਾਰਾ 5.1 ਵਿੱਚ ਦਰਸਾਇਆ ਗਿਆ ਹੈ।

ਸਥਾਨਕ ਸਰਕਾਰ ਵੱਲੋਂ ਨਗਰ ਨਿਗਮ ਅਤੇ EESL Co. ਨਾਲ ਜੋ ਇਸ ਕੰਮ ਲਈ ਇਕਰਾਰਨਾਮਾ ਹੋਣਾ ਹੈ ਉਸ ਸਬੰਧੀ ਇੱਕ ਮਿਆਰੀ (Standard) ਇਕਰਾਰਨਾਮਾ ਨਿਬੰਧਨ ਅਤੇ ਸ਼ਰਤਾਂ (Terms and Conditions) ਸਮੇਤ ਸਬੰਧਤ ਨਗਰ ਨਿਗਮਾਂ ਨੂੰ ਭੇਜਿਆ ਗਿਆ ਹੈ ਜੋ ਕਿ **ਅਨੁਲਗ 'ੳ'** ਸਮੇਤ ਨੱਥੀ ਹੈ। ਇਸ ਮਿਆਰੀ ਇਕਰਾਰਨਾਮੇ ਵਿੱਚ ਨਿਬੰਧਨ ਅਤੇ ਸ਼ਰਤਾਂ ਦਾ ਵਿਸਤਾਰਪੂਰਵਕ ਵੇਰਵਾ ਦਰਸਾਇਆ ਗਿਆ ਹੈ ਜਿਸ ਤਹਿਤ ਨਗਰ ਨਿਗਮ ਅਤੇ EESL co. ਨੂੰ ਇਸ ਅੰਨੁਸਾਰ ਉਪਰੋਕਤ ਕੰਮ ਨੂੰ ਨੇਪੜੇ ਚਾੜਣਾ ਹੈ।ਐਲ.ਈ.ਡੀ ਲਾਇਟਾਂ ਲੱਗਣ ਤੋਂ ਪਹਿਲਾਂ ਅਤੇ ਇਕਰਾਰਨਾਮਾ ਹੋਣ ਉਪਰੰਤ ਨਗਰ ਨਿਗਮ EESL co. ਨਾਲ ਮਿਲ ਕੇ ਲੱਗੀਆਂ ਹੋਈਆਂ ਰਿਵਾਇਤੀ ਸਟਰੀਟ ਲਾਇਟਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਨਿਰਿਖਣ ਕਰਨਗੇ ਅਤੇ ਇਸ ਉਪਰੰਤ ਬੁਨਿਆਦੀ ਢਾਂਚੇ ਉੱਤੇ ਆਉਣ ਵਾਲੇ ਖਰਚੇ ਦੀ

ਅਨੁਮਾਨਤ ਲਾਗਤ ਦਾ ਜਾਇਜਾ ਲੈਣਗੇ ਅਤੇ ਬੁਨਿਆਦੀ ਢਾਂਚੇ ਤੇ ਆਉਣ ਵਾਲੀ ਲਾਗਤ ਤੇ ਨਗਰ ਨਿਗਮ ਦੀ ਸਹਿਮਤੀ ਬਨਣ ਉਪਰੰਤ ਉਸ ਦਾ ਭੁਗਤਾਨ ਨਗਰ ਨਿਗਮ ਵੱਲੋਂ ਇੱਕੋ ਵਾਰ ਕੀਤਾ ਜਾਵੇਗਾ। ਇਹ ਖਰਚਾ ਸਾਲਨਾ (Annuity) ਤੋਂ ਇਲਾਵਾ ਹੋਵੇਗਾ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸ਼ਹਿਰ ਵਿੱਚ ਇਸ ਸਮੇਂ ਲਗਭਗ 25684 ਪੁਆਇੰਟ, ਜਿਸ ਵਿੱਚ ਟਿਊਬ ਫਿਟਿੰਗ, ਸੋਡੀਅਮ ਮਰਕਰੀ ਆਦਿ ਲਾਇਟ ਪੁਆਇੰਟ ਲੱਗੇ ਹੋਏ ਹਨ, ਜਿਹਨਾਂ ਨੂੰ ਐਲ.ਈ.ਡੀ. ਵਿੱਚ ਤਬਦੀਲ ਕੀਤਾ ਜਾਵੇਗਾ।

ਉਪਰੋਕਤ ਤਜਵੀਜ ਅਨੁਸਾਰ EESL Co. ਨਾਲ ਇਕਰਾਰਨਾਮਾ ਕਰਨ ਦੀ ਪ੍ਰਵਾਨਗੀ ਲੈਣ ਲਈ ਕੇਸ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 35: **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਇਸ ਸਬੰਧੀ ਜੁਆਇੰਟ ਸਰਵੇ ਕਰਵਾਉਣ ਖਾਤਰ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਇਸਤੋਂ ਇਲਾਵਾ ਕੰਪਨੀ ਪਾਸ ਰੋਜ਼ਾਨਾ ਦੀਆਂ ਸ਼ਿਕਾਇਤਾਂ ਦੂਰ ਕਰਨ ਖਾਤਰ ਮਟੀਰਿਅਲ ਰਿਜ਼ਰਵ ਰਖਣਾ ਯਕੀਨੀ ਬਣਾਇਆ ਜਾਵੇ। ਕੰਪਨੀ ਪਾਸ 24*7 ਸ਼ਿਕਾਇਤ ਦਰਜ਼ ਕਰਵਾਉਣ ਦਾ ਪ੍ਰਾਵਧਾਨ ਹੋਵੇ। ਕੰਪਨੀ ਦੇ ਨੁਮਾਇੰਦਿਆਂ ਵੱਲੋਂ ਸ਼ਿਕਾਇਤਕਰਤਾ ਤੋਂ ਤਸਦੀਕ ਕਰਨਾ ਯਕੀਨੀ ਬਣਾਇਆ ਜਾਵੇ ਕਿ ਸ਼ਿਕਾਇਤ ਦਾ ਨਿਵਾਰਣ ਕਰ ਦਿੱਤਾ ਗਿਆ ਹੈ। ਇਸ ਸਬੰਧੀ ਰੋਜ਼ਾਨਾ ਦੀ ਪ੍ਰਗਤੀ ਰਿਪੋਰਟ ਮੇਅਰ ਆਫਿਸ, ਕਮਿਸ਼ਨਰ ਆਫਿਸ ਵਿਖੇ ਦਿੱਤੀ ਜਾਵੇ। ਕੰਪਨੀ ਵੱਲੋਂ ਆਪਣਾ ਦਫਤਰ ਬਠਿੰਡਾ ਵਿਖੇ ਬਣਾਇਆ ਜਾਵੇ। ਜੇਕਰ ਨਿਗਮ ਵੱਲੋਂ ਸਟਰੀਟ ਲਾਈਟ ਦੇ ਪੁਆਇੰਟਾਂ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਉਹ ਨਿਗਮ ਵੱਲੋਂ ਆਪਣੇ ਪੱਧਰ ਤੇ ਕਰ ਲਿਆ ਜਾਵੇ। ਜੇਕਰ ਕੰਪਨੀ ਵੱਲੋਂ ਕੀਤੇ ਇਕਰਾਰਨਾਮੇ ਅਨੁਸਾਰ ਕੰਮ ਨਹੀਂ ਕੀਤਾ ਜਾਂਦਾ ਤਾਂ ਹਾਊਸ ਨੂੰ ਅਧਿਕਾਰ ਹੋਵੇਗਾ ਕਿ ਉਹ ਇਕਰਾਰਨਾਮਾ ਰੱਦ ਕਰ ਸਕਦਾ ਹੈ।**

**ਏਜੰਡਾ ਨੰਬਰ: 3**

ਰਿਪੋਰਟ ਵਰਕਸ ਸ਼ਾਖਾ ਕਿ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਭਾਰਤ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: GSR 317(E) ਮਿਤੀ 29/3/2016 ਰਾਹੀਂ ਉਸਾਰੀ ਦੇ ਮਲਬੇ ਦੇ ਪ੍ਰਬੰਧਨ ਸਬੰਧੀ ਨਿਯਮ, 2016 ਨੋਟੀਫਾਈ ਕੀਤੇ ਗਏ ਹਨ।

ਉਕਤ ਨਿਮਯਾਂ ਵਿੱਚ ਨਿਯਮ ਨੰ: 2 ਅਨੁਸਾਰ ਇਹ ਨਿਯਮ ਉਸ ਸਾਰੇ ਮੱਲਬੇ ਤੇ ਲਾਗੂ ਹੋਣਗੇ ਜੋ ਕਿ ਕਿਸੇ ਵੀ ਢਾਂਚਾ ਭਾਵੇ ਉਹ ਕਿਸੇ ਵਿਅਕਤੀ / ਸੰਸਥਾ ਜਾਂ ਅਥਾਰਟੀ ਦਾ ਹੋਵੇ ਉਸਾਰੀ, ਪੁਨਰ ਉਸਾਰੀ, ਮੁਰੰਮਤ ਅਤੇ ਢਾਹ ਢੁਹਾਈ ਆਦਿ ਤੋਂ ਪ੍ਰਾਪਤ ਹੋਇਆ ਹੋਵੇ।

ਇਹਨਾਂ ਰੂਲਾਂ ਮੁਤਾਬਿਕ ਨਗਰ ਨਿਗਮਾਂ/ਕੌਂਸਲਾਂ ਦੀ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨ:-

1. ਨਗਰ ਨਿਗਮ ਮੱਲਬੇ ਨੂੰ ਇਕੱਠਾ ਕਰਨ ਦਾ ਪ੍ਰਬੰਧ ਕਰੇਗੀ ਅਤੇ ਸਮੇਂ-2 ਸਿਰ ਉਸ ਨੂੰ ਚੁਕਵਾਏਗੀ। ਇਸ ਕੰਮ ਲਈ ਉਹ ਪ੍ਰਾਈਵੇਟ ਠੇਕੇਦਾਰ ਲੱਗਾ ਸਕਦੀ ਹੈ।
2. ਉਸਾਰੀ ਦੇ ਮੱਲਬੇ ਨੂੰ ਪ੍ਰੋਸੈਸਿੰਗ ਸਾਈਟ ਤੇ ਪਹੁੰਚਾਏਗੀ ਅਤੇ ਇਸ ਦੀ ਪ੍ਰੋਸੈਸਿੰਗ ਕਰੇਗੀ। ਇਸ ਕੰਮ ਲਈ ਉਹ ਪ੍ਰਾਈਵੇਟ ਠੇਕੇਦਾਰ ਲਗਾ ਸਕਦੀ ਹੈ।
3. ਨਗਰ ਨਿਗਮ ਉਹਨਾਂ ਨੂੰ ਹਲਾਸ਼ੇਰੀ ਦੇਵੇਗੀ ਜੋ ਕਿ ਮੱਲਬਾ ਪੈਦਾ ਹੋਣ ਵਾਲੀ ਸਾਈਟ ਤੇ ਹੀ ਇਸ ਦੀ ਸਾਈਕਲਿੰਗ ਕਰੇਗੀ।
4. ਨਗਰ ਨਿਗਮ ਕਿਸੇ ਵੀ ਉਸਾਰੀ ਦਾ ਨਕਸ਼ਾ ਪ੍ਰਵਾਨ ਕਰਨ ਉਪਰੰਤ ਉਸਦੇ 1 ਮਾਹ ਦੇ ਅੰਦਰ-2 ਉਸ ਉਸਾਰੀ ਦੇ ਮਾਲਿਕ ਵੱਲੋਂ ਪੈਦਾ ਹੋਣ ਵਾਲੇ ਮੱਲਬੇ ਦੇ ਪ੍ਰਬੰਧਨ ਦਾ ਖਾਕਾ ਪ੍ਰਾਪਤ ਕਰਕੇ ਉਸ ਨੂੰ ਪ੍ਰਵਾਨ ਕਰੇਗੀ।
5. ਨਗਰ ਨਿਗਮ ਮਿਉਂਸਪਲ ਏਰੀਏ ਵਿੱਚ ਪੈਦਾ ਹੋਣ ਵਾਲੇ ਮੱਲਬੇ ਤੇ ਨਿਗ੍ਹਾ ਰਖੇਗੀ ਅਤੇ ਉਸ ਦਾ ਇੱਕ ਡਾਟਾਬੇਸ ਤਿਆਰ ਕਰੇਗੀ। ਇਸ ਡਾਟਾਬੇਸ ਨੂੰ ਹਰ ਸਾਲ ਅੱਪਡੇਟ ਕੀਤਾ ਜਾਵੇਗਾ।
6. ਨਗਰ ਨਿਗਮ ਮੱਲਬੇ ਤੋਂ ਪ੍ਰਾਪਤ ਹੋਣ ਵਾਲੇ ਰਿਸਾਈਕਲਡ ਉਤਪਾਦਾਂ ਦੇ ਸੁੱਚਜੇ ਪ੍ਰਯੋਗ ਅਤੇ ਮੱਲਬੇ ਦੇ ਪ੍ਰਬੰਧਨ ਲਈ ਮਾਹਿਰਾਂ ਦੀ ਰਾਏ ਲਵੇਗੀ ਅਤੇ ਲਾਗੂ ਕਰੇਗੀ।
7. ਨਗਰ ਨਿਗਮ ਮੱਲਬੇ ਦੇ ਪ੍ਰਬੰਧਨ ਬਾਰੇ ਆਮ ਜਨਤਾ ਨੂੰ ਜਾਣਕਾਰੀ ਅਤੇ ਸਿਖਿਆ ਦੇਵੇਗੀ। ਇਸ ਲਈ ਉਹ ਮਾਹਿਰ ਅਦਾਰਿਆ ਦੀ ਮਦਦ ਲਵੇਗੀ ਅਤੇ ਆਪਣੀ ਵੈਬਸਾਈਟ ਦਾ ਵੀ ਪ੍ਰਯੋਗ ਕਰੇਗੀ।
8. ਨਗਰ ਨਿਗਮ ਗਲੀਆਂ, ਕਲੋਨੀਆਂ ਅਤੇ ਪੇਂਡੂ ਸੜਕਾਂ ਤੇ ਮੱਲਬੇ ਤੋਂ ਪ੍ਰਾਪਤ ਹੋਏ ਪੇਵਰ ਬਲਾਕ, ਨਾਨ ਸਟਰਕਚਰਲ ਕਨਕ੍ਰੀਟ ਆਦਿ ਪ੍ਰਯੋਗ ਕਰਨ ਵਾਲਿਆ ਨੂੰ ਹਲਾਸ਼ੇਰੀ ਦੇਵੇਗੀ।

ਨਗਰ ਨਿਗਮ ਬਠਿੰਡਾ ਵੱਲੋਂ ਉਕਤ ਨਿਯਮ ਬਠਿੰਡਾ ਸ਼ਹਿਰ ਵਿਖੇ ਲਾਗੂ ਕਰਨ ਲਈ ਹਾਊਸ ਦੀ ਪ੍ਰਵਾਨਗੀ ਹਿੱਤ।

**ਮਤਾ ਨੰਬਰ 36:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਜਗ੍ਹਾ ਦੀ ਭਾਲ ਕਰਨ, ਮਲਬੇ ਦੀ ਪ੍ਰਤੀ ਦਿਨ ਜਾਂ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਸੈਸਮੈਂਟ ਕਰਵਾਉਣ, ਬਿਡਿੰਗ ਡਾਕੂਮੈਂਟ ਤਿਆਰ ਕਰਵਾਉਣ ਅਤੇ ਬਿਡਿੰਗ ਕਰਵਾਉਣ ਲਈ ਪੰਜ ਮੈਂਬਰੀ ਕਮੇਟੀ ਬਣਾਈ ਜਾਂਦੀ ਹੈ। ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**<u>ਏਜੰਡਾ ਨੰਬਰ: 4</u>**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਨੋਟੀਫਿਕੇਸ਼ਨ ਨੰਬਰ 6/80/2013-5ਸਸ1/225136/3-11 ਮਿਤੀ 22.05.2014 ਰਾਹੀਂ ਸ਼ਹਿਰ ਵਿੱਚ ਵਿਕਣ ਵਾਲੀਆਂ 9 ਵੱਖ-ਵੱਖ ਵਸਤਾਂ ਤੇ ਕਾਓ ਸੈਸ ਲਗਾਇਆ ਸੀ। ਇਹਨਾਂ ਵਿੱਚੋਂ ਲੜੀ ਨੰ: 1 ਤੇ ਦਰਸਾਈ ਆਈਟਮ ਤੇਲ ਟੈਂਕਰ ਪ੍ਰਤੀ ਚੱਕਰ 100/- ਰੁਪਏ ਲਗਾਇਆ ਗਿਆ ਸੀ। ਕਾਓ ਸੈਸ ਦੀ ਵਸੂਲੀ ਸਬੰਧੀ ਮਿਤੀ 10.07.2014 ਨੂੰ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਤੇਲ ਕੰਪਨੀਆਂ ਦੇ ਹਾਜ਼ਰ ਹੋਏ ਅਧਿਕਾਰੀਆਂ ਨੇ ਕਾਓ ਸੈਸ ਇੱਕਤਰ ਕਰਨ ਦੀ ਪ੍ਰਕਿਰਿਆ ਤੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਤੇਲ ਟੈਂਕਰਾਂ ਦੀ ਕੈਪੇਸਟੀ ਵੱਖ-ਵੱਖ ਹੁੰਦੀ ਹੈ। ਜੇਕਰ ਕਾਓ ਸੈਸ 100/- ਰੁਪਏ ਪ੍ਰਤੀ ਟੈਂਕਰ ਲਗੇਗਾ ਤਾਂ ਇਸ ਨਾਲ ਹਰੇਕ ਟੈਂਕਰ ਦੇ ਤੇਲ ਦੇ ਰੇਟ ਵੈਰੀਏਟ ਕਰਨਗੇ। ਉਹਨਾਂ ਨੇ ਸੁਝਾਅ ਦਿੱਤਾ ਕਿ ਕਾਓ ਸੈਸ 8/- ਰੁਪਏ ਪ੍ਰਤੀ ਕਿਲੋਲੀਟਰ ਦੇ ਹਿਸਾਬ ਨਾਲ ਲਗਾਇਆ ਜਾਵੇ। ਇਸ ਤਰ੍ਹਾਂ ਤੇਲ ਕੰਪਨੀਆਂ ਤੋਂ ਉਹਨਾਂ ਦੇ ਸੁਝਾਅ ਅਨੁਸਾਰ ਕਾਓ ਸੈਸ 8/- ਰੁਪਏ ਪ੍ਰਤੀ ਕਿਲੋਲੀਟਰ ਦੇ ਹਿਸਾਬ ਨਾਲ ਵਸੂਲ ਕਰਨਾ ਸ਼ੁਰੂ ਕਰ ਦਿੱਤਾ ਗਿਆ। ਕਾਓ ਸੈਸ ਦੀ ਵਸੂਲੀ ਲਈ ਇਸ ਨੋਟੀਫਿਕੇਸ਼ਨ ਵਿੱਚ ਕੂਲੈਕਟਿੰਗ ਏਜੰਸੀਆਂ ਘੋਸ਼ਿਤ ਨਹੀਂ ਕੀਤੀਆਂ ਗਈਆਂ /ਸਨ। ਇਸ ਲਈ ਕੂਲੈਕਟਿੰਗ ਏਜੰਸੀਆਂ ਨਿਰਧਾਰਤ ਕਰਨ ਲਈ ਦੁਬਾਰਾ ਰਿਵਾਇਜ਼ਡ ਨੋਟੀਫਿਕੇਸ਼ਨ ਪਿ:ਅੰ:ਨੰ: 6/80/2013-5ਸਸ1/503512/3 ਮਿਤੀ 08.06.2015 ਕਰਵਾਇਆ ਗਿਆ।

ਹੁਣ ਅਕਾਊਂਟੈਂਟ ਜਨਰਲ (ਆਡਿਟ) ਪੰਜਾਬ, ਚੰਡੀਗੜ੍ਹ ਦੀ ਆਡਿਟ ਟੀਮ ਵੱਲੋਂ ਇਤਰਾਜ਼ ਲਗਾਇਆ ਗਿਆ ਹੈ ਕਿ ਤੇਲ ਤੇ ਵਸੂਲ ਕੀਤੇ ਜਾਂਦੇ ਕਾਓ ਸੈਸ ਦੀ ਦਰ ਨੋਟੀਫਿਕੇਸ਼ਨ ਦੀ ਦਰ ਨਾਲ ਮੇਲ ਨਹੀਂ ਖਾਂਦੀ। ਇਸ ਲਈ ਜਿਸ ਦਰ ਨਾਲ ਤੇਲ ਤੇ ਕਾਓ ਸੈਸ ਲਿਆ ਜਾ ਰਿਹਾ ਹੈ, ਉਸ ਦਰ ਨਾਲ ਕਾਓ ਸੈਸ ਵਸੂਲ ਕਰਨ ਸਬੰਧੀ ਨੋਟੀਫਿਕੇਸ਼ਨ ਵਿੱਚ ਤਰਮੀਮ ਕਰਵਾਈ ਜਾਵੇ। ਇਸ ਸਮੇਂ 8/- ਰੁਪਏ ਪ੍ਰਤੀ ਕਿਲੋਲੀਟਰ ਦੀ ਦਰ ਨਾਲ ਕਾਓ ਸੈਸ ਵਸੂਲ ਕੀਤਾ ਜਾ ਰਿਹਾ ਹੈ। ਸੋ, ਉਕਤ ਨੋਟੀਫਿਕੇਸ਼ਨ ਵਿੱਚ ਤਰਮੀਮ ਕਰਵਾਉਣ ਵਾਸਤੇ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 37:** **ਪ੍ਰਵਾਨ ਹੈ।**

**<u>ਏਜੰਡਾ ਨੰਬਰ: 5</u>**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਹੁਕਮ ਨੰਬਰ 314 ਮਿਤੀ 06.09.2016 ਰਾਹੀਂ ਸ਼੍ਰੀ ਸੰਦੀਪ ਗੁਪਤਾ, ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਲਿਖਿਆ ਹੈ ਕਿ ਬਠਿੰਡਾ ਸ਼ਹਿਰ ਦੀ ਬਣਤਰ ਇੱਕ ਬਾਉਲ (ਕੋਲੇ) ਦੀ ਤਰ੍ਹਾਂ ਹੈ, ਜੋ ਕਿ ਵਿਚਾਲੇ ਤੋਂ ਡੂੰਘਾ ਅਤੇ ਸਾਈਡਾਂ ਤੋਂ ਉੱਚਾ ਹੈ। ਜੱਦ ਵੀ ਬਰਸਾਤ ਜਾਂ ਕਿਸੇ ਹੋਰ ਕਾਰਨਾਂ ਕਰਕੇ ਪਾਣੀ ਇੱਕਠਾ ਹੁੰਦਾ ਹੈ ਤਾਂ ਇਸ ਨਾਲ ਸ਼ਹਿਰ ਦਾ ਵਿਚਲਾ ਇਲਾਕਾ ਪਾਣੀ ਨਾਲ ਭਰ ਜਾਂਦਾ ਹੈ। ਬਠਿੰਡਾ ਸ਼ਹਿਰ ਜੱਦ ਤੋਂ ਵਸਿਆ ਹੈ, ਉਸ ਸਮੇਂ ਤੋਂ ਹੀ ਸ਼ਹਿਰ ਦੇ ਚਾਰੇ ਪਾਸੇ ਜਿਵੇਂ ਕਿ ਅਮਰਪੁਰਾ ਬਸਤੀ, ਸੰਜੇ ਨਗਰ, ਚੰਦਸਰ ਬਸਤੀ ਅਤੇ ਸੰਗੂਆਣਾ ਬਸਤੀ ਆਦਿ ਵਿੱਚ ਕੁਦਰਤੀ ਤੋਰ ਤੇ ਬਣੇ ਟੋਭਿਆਂ ਵਿੱਚ ਇਹ ਪਾਣੀ ਕੁਦਰਤੀ ਫਲੋਂ ਨਾਲ ਆਪਣੇ ਆਪ ਚਲਾ ਜਾਂਦਾ ਸੀ। ਪਰੰਤੂ ਇਹ ਆਮ ਦੇਖਣ ਵਿੱਚ ਆ ਰਿਹਾ ਹੈ ਕਿ ਕਈ ਲੋਕਾਂ ਵੱਲੋਂ ਅਣ-ਅਧਿਕਾਰਤ ਤੋਰ ਤੇ ਟੋਭਿਆਂ ਤੇ ਨਜਾਇਜ ਦੱਬ ਕਰਕੇ ਨਜਾਇਜ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਇਸਤੋਂ ਇਲਾਵਾ ਇਹਨਾਂ ਟੋਭਿਆਂ ਵਿੱਚ ਸੀਵਰ ਦਾ ਗੰਦਾ ਪਾਣੀ ਸਟੋਰ ਹੋਣ ਨਾਲ ਬੀਮਾਰੀਆਂ ਫੈਲਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ।

ਉਕਤ ਤੋਂ ਆਮ ਪਬਲਿਕ ਨੂੰ ਆ ਰਹੀ ਸਮੱਸਿਆ ਨੂੰ ਦੇਖਦੇ ਹੋਏ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਹੈ ਕਿ ਸ਼ਹਿਰ ਦੇ ਚਾਰੇ ਟੋਭਿਆਂ ਵਿਚੋਂ ਗੰਦੇ ਪਾਣੀ ਨੂੰ ਕੱਢ ਕੇ ਡੀ-ਸਿਲਟਿੰਗ ਕਰਵਾਈ ਜਾਵੇ। ਟੋਭਿਆਂ ਦੇ ਆਲੇ-ਦੁਆਲੇ ਹੋ ਰਹੀਆਂ ਨਜਾਇਜ ਉਸਾਰੀਆਂ ਨੂੰ ਰੋਕਣ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਧਰਤੀ ਹੇਠਾਂ ਗੰਦਾ ਪਾਣੀ ਜਾਣ ਤੋਂ ਰੋਕਣ ਖਾਤਰ ਟੋਭਿਆਂ ਵਿੱਚ ਪੱਥਰ, ਰੇਤਾ ਅਤੇ ਬਜ਼ਰੀ ਆਦਿ ਪਾਈ ਜਾਵੇ। ਟੋਭੇ ਦੇ ਆਲੇ-ਦੁਆਲੇ ਕੰਡਿਆਲੀ ਤਾਰ ਜਾਂ ਦੀਵਾਰਾਂ ਆਦਿ ਬਣਾ ਕੇ ਨਜਾਇਜ ਹੋ ਰਹੇ ਕਬਜਿਆਂ ਨੂੰ ਰੋਕਿਆ ਜਾਵੇ। ਟੋਭਿਆਂ ਦੀ ਜਗ੍ਹਾ ਤੇ ਸੁੰਦਰ ਸੈਰਗਾਹ ਬਨਾਉਣ ਦੇ ਉਪਰਾਲੇ ਕੀਤੇ ਜਾਣ। ਸੀਵਰੇਜ਼ ਦਾ ਗੰਦਾ ਪਾਣੀ ਟੋਭਿਆਂ ਵਿੱਚ ਜਾਣ ਤੋਂ ਰੋਕਿਆ ਜਾਵੇ ਅਤੇ ਇਹਨਾਂ ਟੋਭਿਆਂ ਵਿੱਚ

ਬਰਸਾਤਾਂ ਦੋਰਾਨ ਮੀਂਹ ਦਾ ਪਾਣੀ ਇੱਕਠਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਡੀ.ਪੀ.ਆਰ ਤਿਆਰ ਕਰਕੇ ਹਾਊਸ ਵਿੱਚ ਪੇਸ਼ ਕੀਤੀ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।

ਉਕਤ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਉਕਤ ਟੋਭਿਆਂ ਦੀ ਡੀ-ਸਿਲਟਿੰਗ ਕਰਾਉਣ, ਇਹਨਾਂ ਦੇ ਆਸੇ-ਪਾਸੇ ਦੀਵਾਰ ਜਾਂ ਕੰਡਿਆਲੀ ਤਾਰ ਲਗਵਾਉਣ, ਟੋਭਿਆਂ ਦੀ ਜਗ੍ਹਾ ਤੇ ਸੰਦਰ ਸੈਰਗਾਹ ਬਨਾਉਣ, ਬਰਸਾਤਾਂ ਦੋਰਾਨ ਮੀਂਹ ਦਾ ਪਾਣੀ ਇੱਕਠਾ ਕਰਨ ਅਤੇ ਇਹਨਾਂ ਦੇ ਸੁੰਦਰੀਕਰਨ ਬਾਰੇ ਡੀ.ਪੀ.ਆਰ ਬਨਾਉਣ ਤੇ ਤਕਰੀਬਨ 10.00 ਲੱਖ ਰੁਪਏ ਖਰਚਾ ਆਵੇਗਾ। ਇਸ ਲਈ ਕਿਸੇ ਵੀ ਸਰਕਾਰੀ ਅਦਾਰੇ ਪਾਸੋਂ ਡੀ.ਪੀ.ਆਰ. ਤਿਆਰ ਕਰਵਾਉਣ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਹਰਮੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਕਿਉਂ ਜੋ ਇਹ ਸਾਰੇ ਟੋਭੇ ਗਰੀਬ ਬਸਤੀਆਂ ਵਿੱਚ ਹਨ। ਇਸ ਲਈ ਯੋਗ ਹੋਵੇਗਾ ਕਿ ਇਹਨਾਂ ਟੋਭਿਆਂ ਦੇ ਸੁੰਦਰੀਕਰਨ ਕਰਨ ਸਮੇਂ ਇਹਨਾਂ ਵਿੱਚੋਂ ਕੁੱਝ ਜਗ੍ਹਾ ਸਰਕਾਰੀ ਸਕੂਲਾਂ ਲਈ ਰਾਖਵੀਂ ਰੱਖ ਲਈ ਜਾਵੇ। ਇਸਦਾ ਸਾਰੇ ਹਾਊਸ ਵੱਲੋਂ ਸਵਾਗਤ ਕੀਤਾ ਗਿਆ।**

**ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਬੇਨਤੀ ਕੀਤੀ ਕਿ ਲਾਇਨੋਪਾਰ ਏਰੀਏ ਵਿੱਚ ਬੱਚਿਆਂ ਦੇ ਖੇਡਣ ਲਈ ਕੋਈ ਗਰਾਊਂਡ ਨਾ ਹੋਣ ਕਾਰਨ ਬੱਚਿਆਂ ਦਾ ਵਿਕਾਸ ਨਹੀਂ ਹੋ ਰਿਹਾ। ਉਹਨਾਂ ਲਾਇਨੋਪਾਰ ਇਲਾਕੇ ਖਾਤਰ ਕਿੱਲਾ ਕੁ ਜਮੀਨ ਖੇਡਣ ਦੇ ਗਰਾਊਂਡ ਲਈ ਦੇਣ ਖਾਤਰ ਬੇਨਤੀ ਕੀਤੀ।**

ਮਤਾ ਨੰਬਰ 38: ਪ੍ਰਵਾਨ ਹੈ।

**ਮਜ਼ੀਦ ਪਾਸ ਕੀਤਾ ਗਿਆ ਕਿ ਹਰ ਟੋਭੇ ਵਿੱਚੋਂ ਲੋੜ੍ਹ ਅਨੁਸਾਰ 1000-1500 ਗੱਜ਼ ਜਗ੍ਹਾ ਸਰਕਾਰੀ ਸਕੂਲਾਂ ਲਈ ਰਾਖਵੀਂ ਰੱਖ ਲਈ ਜਾਵੇ।**

**ਏਜੰਡਾ ਨੰਬਰ: 6**

ਰਿਪੋਰਟ ਵਰਕਸ ਸ਼ਾਖਾ ਕਿ ਰੋਜ਼ ਗਾਰਡਨ ਪਾਸ ਓਵਰਬ੍ਰਿਜ ਅਤੇ ਨੈਸ਼ਨਲ ਹਾਈਵੇ ਬਣਨ ਕਾਰਨ ਉਸ ਜਗ੍ਹਾ ਪਾਰਕ ਵਿੱਚ ਲੱਗੀ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਰ ਜੀ ਦਾ ਸਟੈਚੂ ਸੜ੍ਹਕ ਦੇ ਵਿੱਚ ਆ ਰਿਹਾ ਹੈ। ਇਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨਾਲ ਮਾਨਯੋਗ ਮੇਅਰ ਸਾਹਿਬ ਜੀ ਦੀ ਮੋਜੂਦਗੀ ਵਿੱਚ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਜਿਸ ਮੌਜੂਦਾ ਪਾਰਕ ਵਿੱਚ ਇਹ ਸਟੈਚੂ ਸਥਿਤ ਹੈ, ਉਸਦੀ ਬਚਦੀ ਜਗ੍ਹਾ ਵਿੱਚ ਨਵਾਂ ਸਟੈਚੂ ਸਥਾਪਤ ਕੀਤਾ ਜਾਵੇ। ਹੁਣ ਡਾ: ਭੀਮ ਰਾਉ ਅੰਬੇਦਕਰ ਵਿਕਾਸ ਮੰਚ (ਰਜਿ:), ਬਠਿੰਡਾ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਸਮਾਜ ਦੇ ਲੋਕਾਂ ਦੀ ਆਸਥਾ ਅਤੇ ਵਿਸ਼ਵਾਸ ਨੂੰ ਮੁੱਖ ਰਖਦੇ ਹੋਏ ਇਹ ਯੋਗ ਹੋਵੇਗਾ ਕਿ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਰ ਜੀ ਦਾ ਸਟੈਚੂ ਮਾਰਬਲ ਜਾਂ ਪੱਥਰ ਦਾ ਨਾ ਹੋ ਕੇ ਬਰਾਸ (ਤਾਂਬੇ) ਦਾ ਲਗਵਾਇਆ ਜਾਵੇ। ਇਸ ਲਈ ਇਸ ਥਾਂ ਤੇ ਬਾਕੀ ਬਚਦੀ ਪਾਰਕ ਵਾਲੀ ਜਗ੍ਹਾ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਰ ਜੀ ਦੇ ਮਾਨ-ਸਨਮਾਨ ਨੂੰ ਮੁੱਖ ਰਖਦੇ ਹੋਏ ਉਹਨਾਂ ਦਾ ਬਰਾਸ (ਤਾਂਬੇ) ਦਾ ਸਟੈਚੂ ਲਗਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 39: ਪ੍ਰਵਾਨ ਹੈ।

## ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-

**ਏਜੰਡਾ ਨੰਬਰ: 1**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਨਾਲ ਸਬੰਧਤ ਬਣਾਈ ਸਬ-ਕਮੇਟੀ ਦੀ ਮੀਟਿੰਗ ਮਿਤੀ 19.09.2016 ਨੂੰ ਬਾਅਦ ਦੁਪਹਿਰ 3.00 ਵਜੇ ਦਫਤਰ ਨਗਰ ਨਿਗਮ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਹੇਠ ਲਿਖੇ ਅਨੁਸਾਰ ਹੈ:-

**ਏਜੰਡਾ ਨੰ: 1.1**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਰਜਿੰਦਰ ਕੁਮਾਰ ਬੇਲਦਾਰ ਨੇ ਬੇਨਤੀ ਕੀਤੀ ਹੈ ਕਿ ਉਸਨੂੰ ਡਰਾਈਵਰ ਦੀ ਆਸਾਮੀ ਤੇ ਪਦ ਉਨਤ ਕੀਤਾ ਜਾਵੇ। ਸਰਕਾਰ ਦੇ ਪੱਤਰ ਨੰਬਰ 14/99/2011-

1ਸਸ1/1200 ਮਿਤੀ 07-04-2011 ਰਾਹੀਂ ਮੌਜੂਦਾ ਕੰਮ ਕਰ ਰਹੇ ਕਰਮਚਾਰੀਆ ਵਿਚੋਂ 15 ਡਰਾਈਵਰਾਂ ਦੀ ਪੋਸਟਾਂ ਪ੍ਰਮੋਸ਼ਨ ਰਾਹੀਂ ਭਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਸੀ ਕਿ ਕਰਮਚਾਰੀ ਡਰਾਈਵਰ ਦੀ ਯੋਗਤਾ ਅਤੇ ਨਾਰਮਜ਼ ਪੂਰਾ ਕਰਦਾ ਹੋਵੇ। ਡਰਾਈਵਰ ਦੀ ਆਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਅਤੇ ਡਰਾਈਵਿੰਗ ਲਾਇਸੰਸ ਹੋਣਾ ਹੈ। ਸ਼੍ਰੀ ਰਜਿੰਦਰ ਕੁਮਾਰ ਬੇਲਦਾਰ ਡਰਾਈਵਰ ਦੀ ਆਸਾਮੀ ਦੀ ਯੋਗਤਾ ਪੂਰੀਆਂ ਕਰਦਾ ਹੈ। ਸ਼੍ਰੀ ਰਜਿੰਦਰ ਕੁਮਾਰ ਬੇਲਦਾਰ ਦੇ ਕੰਮਕਾਜ਼ ਅਤੇ ਵਿਵਹਾਰ ਬਾਰੇ ਸਹਾਇਕ ਨਿਗਮ ਇੰਜੀਨੀਅਰ ਨੂੰ ਮਿਤੀ 02-07-2014 ਨੂੰ ਆਪਣੀ ਟਿਪਣੀ ਦੇਣ ਲਈ ਫਾਇਲ ਭੇਜੀ ਸੀ। ਆਪਣੀ ਟਿਪਣੀ ਵਿਚ ਸਹਾਇਕ ਨਿਗਮ ਇੰਜੀਨੀਅਰ ਨੇ ਲਿਖਿਆ ਹੈ ਕਿ ਸ਼੍ਰੀ ਰਜਿੰਦਰ ਕੁਮਾਰ ਬੇਲਦਾਰ ਦਾ ਕੰਮ ਤਸੱਲੀਬਖਸ਼ ਹੈ। ਇਸ ਦੇ ਖਿਲਾਫ ਕੋਈ ਸ਼ਿਕਾਇਤ ਜਾਂ ਪੜਤਾਲ ਪੈਡਿੰਗ ਨਹੀਂ ਹੈ। ਕਰਮਚਾਰੀ ਦੇ ਕੰਮ ਕਾਜ਼ ਅਤੇ ਪਦ ਉਨਤੀ ਲਈ ਇਹ ਕੇਸ ਸਬ ਕਮੇਟੀ ਦੇ ਵਿਚਾਰ ਹਿੱਤ ਰੱਖਿਆ ਗਿਆ ਸੀ। ਦਫਤਰ ਸੁਪਰਡੈਂਟ, ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਅਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਦੀ ਰਿਪੋਰਟ ਵਿਚ ਕਰਮਚਾਰੀ ਨੂੰ ਬੇਲਦਾਰ ਤੋਂ ਡਰਾਈਵਰ ਪਦਉਨਤੀ ਲਈ ਸਿਫਾਰਸ਼ ਕੀਤੀ ਹੈ।

ਇਸ ਸਬੰਧੀ ਕਮਿਸ਼ਨਰ ਸਾਹਿਬ ਵੱਲੋਂ ਪੁੱਛਿਆ ਗਿਆ ਕਿ ਡਰਾਈਵਰ ਦੀ ਪੋਸਟ ਵਾਸਤੇ ਡਰਾਈਵਿੰਗ ਲਾਇਸੰਸ ਕਿਸ ਕੈਟੇਗਰੀ ਦਾ ਚਾਹੀਦਾ ਹੈ? ਕੀ ਪ੍ਰਾਰਥੀ ਪਾਸ ਉਸ ਕੈਟੇਗਰੀ ਦਾ ਲਾਇਸੰਸ ਹੈ?

ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ ਫਾਇਲ ਵਿੱਚ ਮੌਜੂਦ ਬਿਨੈਕਾਰ ਦੇ ਡਰਾਈਵਿੰਗ ਲਾਇੰਸਸ ਦੀ ਫੋਟੋਕਾਪੀ ਅਨੁਸਾਰ ਕਰਮਚਾਰੀ ਕੋਲ LMV ਡਰਾਈਵਿੰਗ ਲਾਇਸੰਸ ਹੈ। ਇਸ ਡਰਾਈਵਿੰਗ ਲਾਇਸੰਸ ਦੀ ਮਿਤੀ 10.07.2017 ਤੱਕ ਟਰਾਂਸਪੋਰਟ ਵਹੀਕਲ ਲਈ ਅਤੇ ਮਿਤੀ 10.07.2019 ਤੱਕ ਨਾਨ-ਟਰਾਂਸਪੋਰਟ ਵਹੀਕਲ ਲਈ ਮਾਨਤਾ ਹੈ।

ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ : ਮਾਨਯੋਗ ਹਾਊਸ ਨੂੰ ਕੇਸ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

**ਏਜੰਡਾ ਨੰ: 1.2**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਨਿਸ਼ਾਨ ਸਿੰਘ ਮਾਲੀ ਨੂੰ ਨਗਰ ਨਿਗਮ ਬਠਿੰਡਾ ਦੇ ਮਤਾ ਨੰਬਰ 119 ਮਿਤੀ 17.02.2014 ਰਾਹੀਂ ਤਰਸ ਦੇ ਆਧਾਰ ਤੇ 2 ਸਾਲ ਦੇ ਪਰਖ ਅਧੀਨ ਸਮੇਂ ਲਈ ਨਿਯੁਕਤ ਕੀਤਾ ਗਿਆ ਸੀ। ਇਹ ਕਰਮਚਾਰੀ ਮਿਤੀ 25.04.2014 ਨੂੰ ਨਗਰ ਨਿਗਮ ਬਠਿੰਡਾ ਵਿਖੇ ਹਾਜ਼ਰ ਹੋਇਆ ਸੀ। ਲੈਂਡ ਸਕੇਪ ਅਫਸਰ ਦੀ ਰਿਪੋਰਟ ਅਨੁਸਾਰ ਇਸ ਵੱਲ ਕੋਈ ਵੀ ਕੋਰਟ ਕੇਸ/ ਪੈਡਿੰਗ ਇਨਕੁਆਰੀ ਪੈਡਿੰਗ ਨਹੀਂ ਹੈ। ਇਸ ਕਰਮਚਾਰੀ ਦਾ ਕੰਮਕਾਜ਼ ਅਤੇ ਵਿਵਹਾਰ ਤਸੱਲੀ ਬਖਸ਼ ਹੈ। ਇਸ ਕਰਮਚਾਰੀ ਦਾ ਪਰਖ ਅਧੀਨ ਸਮਾਂ ਮਿਤੀ 24.04.2016 ਨੂੰ ਪੂਰਾ ਹੋ ਗਿਆ ਹੈ। ਪਰਖ ਅਧੀਨ ਸਮਾਂ ਤਸੱਲੀ ਬਖਸ਼ ਘੋਸ਼ਿਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ : ਮਾਨਯੋਗ ਹਾਊਸ ਨੂੰ ਕੇਸ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

**ਏਜੰਡਾ ਨੰ: 1.3**

ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਵਲੋਂ ਅਜਿਹੇ ਸਮੂਹ ਦਰਜ਼ਾ-4 ਕਰਮਚਾਰੀ, ਜਿੰਨਾਂ ਪਾਸ ਮੈਟ੍ਰਿਕ ਜਾਂ ਉਸ ਤੋਂ ਵੱਧ ਵਿਦਿਅਕ ਯੋਗਤਾ ਹੈ, ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ। ਇਸ ਸੀਨੀਆਰਤਾ ਸੂਚੀ ਨੂੰ ਸਬੰਧਤ ਦੇ ਇਤਰਾਜ਼ ਸੁੰਨਣ ਤੋਂ ਬਾਦ ਹਾਊਸ ਨਗਰ ਨਿਗਮ ਵਲੋਂ ਮਤਾ ਨੰਬਰ 102(6) ਮਿਤੀ 14-12-2015 ਰਾਹੀਂ ਪ੍ਰਵਾਨ ਕੀਤਾ ਸੀ । ਇਸ ਸੀਨੀਆਰਤਾ ਸੂਚੀ ਬਾਰੇ ਕੋਈ ਕੋਰਟ ਕੇਸ ਆਦਿ ਨਹੀਂ ਹੈ।

ਨਗਰ ਨਿਗਮ ਵਿਖੇ ਵਰਕ ਸੁਪਰਵਾਈਜ਼ਰ ਦੀਆਂ 8 ਆਸਾਮੀਆਂ ਪ੍ਰਵਾਨਤ ਹਨ। ਇਹਨਾਂ ਵਿਚ ਸਿਰਫ 3 ਆਸਾਮੀਆਂ ਹੀ ਭਰੀਆਂ ਹਨ। ਮੌਜੂਦਾ ਕੰਮ ਕਰ ਰਹੇ ਕਰਮਚਾਰੀ ਡਾਇਰੈਕਟ ਕੋਟੇ ਵਿਰੁੱਧ ਹਨ। ਪ੍ਰਮੋਸ਼ਨ ਕੋਟੇ ਵਿਰੁੱਧ ਕੋਈ ਕਰਮਚਾਰੀ ਨਹੀਂ ਹੈ। 50% ਪੱਦਉਨਤੀ ਦੇ ਹਿਸਾਬ ਨਾਲ 4 ਪੋਸਟਾਂ ਪ੍ਰਮੋਸ਼ਨ ਕੋਟੇ ਰਾਹੀਂ ਭਰੀਆਂ ਜਾਣੀਆਂ ਹਨ। ਪਦਉਨਤੀ ਸਮੇਂ ਰੋਸਟਰ ਪੁਆਇੰਟ ਨੂੰ ਧਿਆਨ ਵਿਚ ਰੱਖਣਾ ਹੁੰਦਾ ਹੈ। 4 ਆਸਾਮੀਆਂ ਲਈ ਰੋਸਟਰ ਪੁਆਇੰਟ ਹੈ:-

1. ਐਸ.ਸੀ.
2. ਜਨਰਲ
3. ਜਨਰਲ
4. ਜਨਰਲ

ਮਾਨਯੋਗ ਕਮਿਸ਼ਨਰ ਸਾਹਿਬ ਦੀ ਹਦਾਇਤ ਅਨੁਸਾਰ ਜਿਲਾ ਭਲਾਈ ਅਫਸਰ ਨੂੰ ਰੋਸਟਰ ਪੁਆਇੰਟ ਅਨੁਸਾਰ ਐਸ.ਸੀ. ਕੋਟਾ ਸਪਸ਼ਟ ਕਰਨ ਬਾਰੇ ਪੱਤਰ ਨੰ: 1497 ਮਿਤੀ 20-05-2016 ਰਾਹੀਂ

ਲਿਖਿਆ ਗਿਆ ਸੀ। ਜਿਲਾ ਭਲਾਈ ਅਫਸਰ ਵਲੋਂ ਆਪਣੇ ਪੱਤਰ ਨੰਬਰ 2586 ਮਿਤੀ 11-08-2016 ਰਾਹੀਂ ਸਪਸ਼ਟ ਕੀਤਾ ਗਿਆ ਹੈ ਕਿ ਐਸ.ਸੀ.ਕੋਟੇ ਲਈ 8 ਆਸਾਮੀਆਂ ਅਨੁਸਾਰ ਲੜੀ ਨੰ: 1 ਅਤੇ 5 ਰਿਜ਼ਰਵ ਹਨ। ਨਗਰ ਨਿਗਮ ਵਲੋਂ ਪ੍ਰਵਾਨਤ ਸੀਨੀਆਰਤਾ ਸੂਚੀ ਵਿਚ ਲੜੀ ਨੰ:1 ਤੇ ਸ਼੍ਰੀ ਨਰਿੰਦਰ ਸਿੰਘ ਜਨਰਲ ਹੈ, ਲੜੀ ਨੰ: 2 ਅਤੇ 3 ਤੇ ਦਰਜ਼ ਸ਼੍ਰੀ ਜਰਨੈਲ ਸਿੰਘ ਅਤੇ ਸ਼੍ਰੀ ਰਾਮ ਚੰਦ ਵਲੋਂ ਲਿਖ ਕੇ ਦਿੱਤਾ ਗਿਆ ਹੈ ਕਿ ਉਹ ਪਦਉਨਤੀ ਨਹੀਂ ਲੈਣਾ ਚਾਹੁੰਦੇ ਹਨ। ਇਸ ਲਈ ਲੜੀ ਨੰ: 1 ਦੇ ਨਾਲ ਲੜੀ ਨੰ: 4 ਤੇ ਸ਼੍ਰੀ ਗੁਰਦੀਪ ਸਿੰਘ ਜਨਰਲ, ਲੜੀ ਨੰ: 5 ਤੇ ਸ਼੍ਰੀ ਜੀਵਨ ਕੁਮਾਰ ਜਨਰਲ ਅਤੇ ਲੜੀ ਨੰ: 11 ਤੇ ਸ਼੍ਰੀ ਮਿੰਟੂ ਕੁਮਾਰ ਐਸ.ਸੀ. ਦੇ ਨਾਮ ਬਤੌਰ ਵਰਕ ਸੁਪਰਵਾਈਜ਼ਰ ਪਦ ਉਨਤੀ ਲਈ ਵਿਚਾਰੇ ਜਾ ਸਕਦੇ ਹਨ। ਇਸ ਲਈ ਸ਼੍ਰੀ ਨਰਿੰਦਰ ਸਿੰਘ, ਸ਼੍ਰੀ ਗੁਰਦੀਪ ਸਿੰਘ, ਸ਼੍ਰੀ ਜੀਵਨ ਕੁਮਾਰ ਅਤੇ ਸ਼੍ਰੀ ਮਿੰਟੂ ਕੁਮਾਰ ਬਤੌਰ ਵਰਕ ਸੁਪਰਵਾਈਜ਼ਰ ਪਦ ਉਨਤ ਕੀਤੇ ਜਾ ਸਕਦੇ ਹਨ। ਰਿਪੋਰਟ ਵਿਚਾਰ ਹਿੱਤ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :** **ਰਿਪੋਰਟ ਮੁਤਾਬਿਕ ਲੜੀ ਨੰ: 2 ਅਤੇ 3 ਤੇ ਦਰਜ਼ ਸ਼੍ਰੀ ਜਰਨੈਲ ਸਿੰਘ ਅਤੇ ਸ਼੍ਰੀ ਰਾਮ ਚੰਦ, ਸੇਵਾਦਾਰਾਂ ਵੱਲੋਂ ਪਹਿਲਾਂ ਹੀ ਪਦਉਨਤੀ ਨਾ ਲੈਣ ਸਬੰਧੀ ਐਫੀਡੇਵਿਟ ਦਿੱਤਾ ਗਿਆ ਹੈ। ਪਰੰਤੂ ਸਬ-ਕਮੇਟੀ ਵੱਲੋਂ ਇਹਨਾਂ ਨੂੰ ਮੀਟਿੰਗ ਵਿੱਚ ਬੁਲਾ ਕੇ ਪੁੱਛਿਆ ਗਿਆ। ਉਹਨਾਂ ਸਬ-ਕਮੇਟੀ ਸਾਹਮਣੇ ਪੇਸ਼ ਹੋ ਕੇ ਕਿਹਾ ਕਿ ਉਹਨਾਂ ਵੱਲੋਂ ਪਦਉਨੱਤੀ ਨਹੀਂ ਲੈਣੀ। ਇਸ ਲਈ ਬਾਕੀ ਉਕਤ ਅਨੁਸਾਰ ਮਾਨਯੋਗ ਹਾਊਸ ਨੂੰ ਕੇਸ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

**ਏਜੰਡਾ ਨੰ: 1.4**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦਾ ਏਰੀਆ ਕਾਫੀ ਵੱਧ ਚੁੱਕਿਆ ਹੈ ਅਤੇ ਸਫਾਈ ਦੇ ਕੰਮ ਨੂੰ ਮੁੱਖ ਰਖਦੇ ਹੋਏ ਸ਼ਹਿਰ ਨੂੰ ਅੱਠ ਜ਼ੋਨਾਂ ਵਿੱਚ ਵੰਡਿਆ ਹੋਇਆ ਹੈ। ਇਸ ਸਮੇਂ ਨਗਰ ਨਿਗਮ ਬਠਿੰਡਾ ਵਿੱਚ ਤਿੰਨ ਹੀ ਸੈਨਟਰੀ ਸੁਪਰਵਾਈਜ਼ਰ ਕੰਮ ਕਰ ਰਹੇ ਹਨ ਅਤੇ ਪੰਜ ਜ਼ੋਨ ਜੋ ਹੋਰ ਹਨ, ਉਹਨਾਂ ਵਿੱਚ ਵੀ ਪੰਜ ਸੈਨਟਰੀ ਸੁਪਰਵਾਈਜ਼ਰਾਂ ਦੀ ਲੋੜ੍ਹ ਹੈ। ਇਸ ਲਈ ਸਫਾਈ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਜ਼ੋਨਾਂ ਮੁਤਾਬਿਕ ਪੰਜ ਸੈਨਟਰੀ ਸੁਪਰਵਾਈਜ਼ਰ ਏਰੀਏ ਵਿੱਚ ਲਗਾਉਣੇ ਅਤਿ ਜਰੂਰੀ ਹਨ। ਇੱਥੇ ਆਪਜੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਜਾਂਦਾ ਹੈ ਕਿ ਮਿਉਂਸਪਲ ਵਰਕਰ ਯੂਨੀਅਨ ਨਗਰ ਨਿਗਮ ਬਠਿੰਡਾ ਵੱਲੋਂ ਮੰਗ ਕੀਤੀ ਹੈ ਕਿ ਜਿਹੜੇ ਦਰਜ਼ਾ ਚਾਰ ਮੁਲਾਜ਼ਮਾਂ ਵੱਲੋਂ 2015-16 ਦੇ ਸੈਸ਼ਨ ਵਿੱਚ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕੀਤਾ ਹੈ, ਉਹਨਾਂ ਨੂੰ ਡਿਪਲੋਮੇ ਦੇ ਆਧਾਰ ਤੇ ਸੈਨਟਰੀ ਸੁਪਰਵਾਈਜ਼ਰ ਦੀ ਤਰੱਕੀ ਦਿੱਤੀ ਜਾ ਸਕਦੀ ਹੈ। ਸੋ, ਯੂਨੀਅਨ ਦੀ ਮੰਗ ਅਨਸਾਰ ਦਰਜ਼ਾ ਚਾਰ ਮੁਲਾਜ਼ਮਾਂ ਨੂੰ ਸੈਨਟਰੀ ਸੁਪਰਵਾਈਜ਼ਰ ਦੀ ਤਰੱਕੀ ਦੇਣ ਲਈ ਬਜਟ ਵਿੱਚ 5 ਨਵੀਆਂ ਸੈਨਟਰੀ ਸੁਪਰਵਾਈਜ਼ਰਾਂ ਦੀਆਂ ਪੋਸਟਾਂ ਦੀ ਰਚਨਾ ਕਰਨ ਲਈ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :** **ਮਾਨਯੋਗ ਹਾਊਸ ਨੂੰ ਕੇਸ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਵੱਲੋਂ 2015-16 ਦੇ ਸੈਸ਼ਨ ਵਿੱਚ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕੀਤਾ ਹੈ, ਉਹਨਾਂ ਦੇ ਦਸਤਾਵੇਜ਼ ਦਫਤਰੀ ਪੱਧਰ ਤੇ ਘੋਖਣ ਉਪਰੰਤ ਹੀ ਬਣਦੀ ਕਾਰਵਾਈ ਕੀਤੀ ਜਾਵੇ।**

**ਏਜੰਡਾ ਨੰ: 1.5**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਸੁਰਜਨ ਰਾਮ, ਜੂਨੀਅਰ ਸਹਾਇਕ ਵੱਲੋਂ ਮਿਤੀ 30.08.2016 ਨੂੰ ਪ੍ਰੀ-ਮੈਚਿਉਰ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਹੈ। ਰਿਪੋਰਟ ਹੈ ਕਿ ਸ਼੍ਰੀ ਸੁਰਜਨ ਰਾਮ ਪੁੱਤਰ ਸ੍ਰੀ ਖੇਮ ਚੰਦ, ਜੂਨੀਅਰ ਸਹਾਇਕ ਮਿਤੀ 31.08.2016 ਤੋਂ ਬਾਅਦ 59 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਦੂਜੇ ਸਾਲ ਦੇ ਵਾਧੇ ਤੇ ਚੱਲ ਰਿਹਾ ਹੈ। ਇਸ ਵੱਲੋਂ ਹੁਣ ਪ੍ਰੀ-ਮੈਚਿਉਰ ਰਿਟਾਇਰਮੈਂਟ ਦਾ ਨੋਟਿਸ ਦਿੱਤਾ ਗਿਆ ਹੈ। ਇਸ ਕਰਮਚਾਰੀ ਨੂੰ ਪੰਜਾਬ ਪ੍ਰੀ-ਮੈਚਿਉਰ ਰਿਟਾਇਰਮੈਂਟ ਰੂਲਜ਼ 1975 ਅਨੁਸਾਰ 3 ਮਹੀਨੇ ਦੇ ਨੋਟਿਸ ਉਪਰੰਤ ਰਿਟਾਇਰਮੈਂਟ ਦਿੱਤੀ ਜਾ ਸਕਦੀ ਹੈ। ਇਸ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਇਸ ਖਿਲਾਫ ਕੋਈ ਚਾਰਜ਼ਸ਼ੀਟ ਪੈਡਿੰਗ ਨਹੀਂ ਹੈ। ਇਸ ਕਰਮਚਾਰੀ ਦੇ ਕੇਸ ਵਿੱਚ ਸਮੱਰਥ ਅਥਾਰਟੀ ਹਾਊਸ ਨਗਰ ਨਿਗਮ ਬਠਿੰਡਾ ਹੈ। ਇਸ ਲਈ ਕੇਸ ਹਾਊਸ ਨਗਰ ਨਿਗਮ ਬਠਿੰਡਾ ਪਾਸ ਭੇਜਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :** **ਮਾਨਯੋਗ ਹਾਊਸ ਨੂੰ ਕੇਸ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

ਕਮੇਟੀ ਦੀ ਕਾਰਵਾਈ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 40:** **ਪ੍ਰਵਾਨ ਹੈ।**

**ਏਜੰਡਾ ਨੰਬਰ: 2**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | ਸ/ਲ ਬੀ.ਐਮ. ਐਂਡ ਪੀ.ਸੀ. ਇਨ ਸਟਰੀਟ ਨੰਬਰ 5, ਬਾਬਾ ਫਰੀਦ ਨਗਰ (Where sewerage not laid) | 7.08 |
| 2 | ਸ/ਲ ਇੰਟਰਲਾਕਿੰਗ ਟਾਇਲਜ਼ ਇਨ ਵਾਰਡ ਨੰਬਰ 45, ਪਰਸ ਰਾਮ ਨਗਰ ਗਲੀ ਨੰ: 1ਜੀ, 2ਜੀ, 6ਜੀ, 7ਜੀ, 8ਜੀ ਅਤੇ ਪ੍ਰਤਾਪ ਨਗਰ ਗਲੀ ਨੰਬਰ 18 ਅਤੇ 12 | 38.90 |
| 3 | ਸਪਲਾਈ ਐਂਡ ਫਿਕਸਿੰਗ ਆਫ ਗਾਰਡਨ ਲਾਈਟਸ ਇਨ ਇੰਡਸਟਰੀਅਲ ਏਰੀਆ ਪਾਰਕ | 3.29 |

ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 41:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ**

1. **ਸ਼੍ਰੀ ਹਰਪਾਲ ਸਿੰਘ ਢਿੱਲੋਂ ਕੌਂਸਲਰ ਦੀ ਮੰਗ ਤੇ ਜੁਝਾਰ ਸਿੰਘ ਨਗਰ ਦੀ ਗਲੀ ਨੰਬਰ 4ਸੀ ਅਤੇ 7 ਵਿੱਚ ਮਿੱਟੀ ਦੀ ਭਰਤ ਪਾ ਕੇ ਉਸਤੇ ਇੰਟਰਲਾਕਿੰਗ ਟਾਇਲਾਂ ਜਾਂ ਪੀ.ਸੀ. ਪਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
2. **ਸ੍ਰੀ ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀ ਗੁਰਬਚਨ ਸਿੰਘ ਖੁੱਬਣ, ਸ਼੍ਰੀ ਜਗਸੀਰ ਸਿੰਘ ਬੰਗੀ, ਸ਼੍ਰੀ ਰਾਜਵਿੰਦਰ ਸਿੰਘ ਸਿੱਧੂ ਅਤੇ ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਸਾਹਿਬਾਨਾਂ ਨੇ ਨਿਗਮ ਦਫਤਰ ਵਿਖੇ ਜਨਮ ਅਤੇ ਮੌਤ ਸ਼ਾਖਾ ਲਈ ਕਮਰਿਆਂ ਦੀ ਰੈਨੋਵੇਸ਼ਨ ਕਰਵਾਉਣ ਲਈ ਕੀਤੀ ਬੇਨਤੀ ਨੂੰ ਮੁੱਖ ਰਖਦੇ ਹੋਏ ਨਿਗਮ ਵਿਖੇ ਜਨਮ ਅਤੇ ਮੌਤ ਦੇ ਕਮਰਿਆਂ ਨੂੰ ਵਰਾਂਡਿਆਂ ਤੱਕ ਵਧਾ ਕੇ ਰੈਨੋਵੇਸ਼ਨ ਕਰਵਾਉਣ, ਉਹਨਾਂ ਵਿੱਚ ਏ.ਸੀ. ਲਗਵਾਉਣ ਅਤੇ ਆਮ ਪਬਲਿਕ ਦੀ ਸਹੂਲਤ ਨੂੰ ਦੇਖਦੇ ਹੋਏ ਉਹਨਾਂ ਦੇ ਬੈਠਣ ਲਈ ਲੋੜੀਂਦਾ ਫਰਨੀਚਰ ਮੁੱਹਈਆ ਕਰਵਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
3. **ਸ਼੍ਰੀ ਸੁਖਮੰਦਰ ਸਿੰਘ, ਕੌਂਸਲਰ ਦੀ ਮੰਗ ਤੇ ਵਾਰਡ ਨੰਬਰ 22 ਵਿੱਚ ਪ੍ਰਜਾਪਤ ਕਲੋਨੀ, ਗਲੀ ਨੰਬਰ 6 ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰਬਰ: 3**

ਰਿਪੋਰਟ ਓ.ਐਂਡ ਐਮ ਸ਼ਾਖਾ ਕਿ ਨਗਰ ਨਿਗਮ ਦੇ ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਮੈਨਟੀਨੈਂਸ ਦਾ ਕੰਮ ਤ੍ਰਿਵੇਣੀ ਕੰਪਨੀ ਵੱਲੋਂ ਕੀਤਾ ਜਾ ਰਿਹਾ ਹੈ। ਇਹ ਕੰਪਨੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਦੇਖਰੇਖ ਵਿੱਚ ਕੰਮ ਕਰ ਰਹੀ ਹੈ। ਇਸਤੋਂ ਇਲਾਵਾ ਨਗਰ ਨਿਗਮ ਦੇ ਕੁੱਝ ਏਰੀਆ ਦਾ ਕੰਮ ਪਬਲਿਕ ਹੈਲਥ ਅਤੇ ਨਗਰ ਸੁਧਾਰ ਟਰੱਸਟ ਵੱਲੋਂ ਕੀਤਾ ਜਾ ਰਿਹਾ ਹੈ। ਇਹਨਾਂ ਸਾਰਿਆਂ ਕੰਮਾਂ ਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਨਗਰ ਨਿਗਮ ਨੂੰ ਪ੍ਰਾਪਤ ਹੁੰਦੀਆਂ ਹਨ। ਨਗਰ ਨਿਗਮ ਇਹਨਾਂ ਸ਼ਿਕਾਇਤਾਂ ਸਬੰਧੀ ਪਬਲਿਕ ਨੂੰ ਜਵਾਬਦੇਹ ਹੈ। ਇਸਤੋਂ ਇਲਾਵਾ ਸਲੱਜ ਕੈਰੀਅਰ ਦੀ ਦੇਖਰੇਖ ਦਾ ਕੰਮ ਵੀ ਨਗਰ ਨਿਗਮ ਵੱਲੋਂ ਆਪਣੇ ਤੋਰ ਤੇ ਕੀਤਾ ਜਾ ਰਿਹਾ ਹੈ। ਸਾਰੇ ਸ਼ਹਿਰ ਤੋਂ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਅਤੇ ਸਲੱਜ ਕੈਰੀਅਰ ਦੀ ਦੇਖਰੇਖ ਲਈ ਨਗਰ ਨਿਗਮ ਨੂੰ ਹੇਠ ਲਿਖੇ ਅਨੁਸਾਰ ਸਟਾਫ ਦੀ ਜਰੂਰਤ ਹੈ:-

1. ਸਹਾਇਕ ਨਿਗਮ ਇੰਜੀਨੀਅਰ (ਓ.ਐਂਡ ਐਮ.) - 2
2. ਜੂਨੀਅਰ ਇੰਜੀਨੀਅਰ (ਓ.ਐਂਡ ਐਮ.) - 4
3. ਡਾਟਾ ਐਂਟਰੀ ਆਪਰੇਟਰ-ਕਮ-ਕਲੱਰਕ - 2

ਉਕਤ ਸਟਾਫ ਰੱਖਣ ਦੀ ਪ੍ਰਵਾਨਗੀ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 42:** **ਪ੍ਰਵਾਨ ਹੈ।**

**ਮੀਟਿੰਗ ਦੇ ਆਖੀਰ ਵਿੱਚ ਸ੍ਰੀ ਸਰੂਪ ਚੰਦ ਸਿੰਗਲਾ, ਮਾਨਯੋਗ ਐਮ.ਐਲ.ਏ ਸਾਹਿਬ ਨੇ ਮਤਾ ਲਿਆਂਦਾ ਕਿ ਬਠਿੰਡਾ ਵਿਖੇ ਮਾਨਸਾ ਰੋਡ ਤੇ 13 ਕਲੋਨੀਆਂ ਦੇ ਨਾਲ ਜੇ.ਆਈ.ਟੀ.ਐਫ. ਕੰਪਨੀ ਵੱਲੋਂ ਜੋ ਕੂੜਾ ਕਰੱਕਟ ਦਾ ਪਲਾਂਟ ਲਗਿਆ ਹੋਇਆ ਹੈ, ਉਸਦੇ ਚੱਲਣ ਨਾਲ ਇਸ ਸਮੁੱਚੇ ਇਲਾਕੇ ਵਿੱਚ ਭੈੜੀ ਬਦਬੂ ਫੈਲਦੀ ਹੈ। ਕੰਪਨੀ ਵੱਲੋਂ ਪਲਾਂਟ ਨੂੰ ਵਾਰ-ਵਾਰ ਬੰਦ ਕਰਕੇ ਸੋਧਾਂ ਕਰਨ ਦੇ ਬਾਵਜੂਦ ਵੀ ਇਸ ਪਲਾਂਟ ਦੀ ਬਦਬੂ ਬੰਦ ਨਹੀਂ ਹੋਈ, ਜਦਕਿ ਇਸ ਪਲਾਂਟ ਨੂੰ ਹਾਊਸ ਨੇ ਪਹਿਲਾਂ ਲਗਾਉਣ ਲਈ ਜੋ ਮਤਾ ਪਾਸ ਕੀਤਾ ਸੀ, ਉਸ ਵਕਤ**

ਕੰਪਨੀ ਦੇ ਨੁਮਾਇੰਦਿਆਂ ਨੇ ਹਾਊਸ ਨੂੰ ਯਕੀਨ ਦਿਵਾਇਆ ਸੀ ਕਿ ਇਹ ਪਲਾਂਟ ਆਧੁਨਿਕ ਤਕਨੀਕ ਦਾ ਹੋਵੇਗਾ ਅਤੇ ਇਸ ਵਿੱਚੋਂ ਕੋਈ ਵੀ ਭੈੜੀ ਬਦਬੂ ਜਾਂ ਪ੍ਰਦੁਸ਼ਣ ਨਹੀਂ ਪੈਦਾ ਹੋਵੇਗਾ। ਪਰੰਤੂ ਉਪਰੋਕਤ ਪਲਾਂਟ ਵਿੱਚੋਂ ਵਾਰ-ਵਾਰ ਸੋਧਾਂ ਕਰਨ ਦੇ ਬਾਵਜੂਦ ਬਦਬੂ ਬੰਦ ਨਹੀਂ ਹੋ ਰਹੀ ਅਤੇ ਇਹ ਪਿਛਲੇ ਤਕਰੀਬਨ ਤਿੰਨ ਮਹੀਨਿਆਂ ਤੋਂ ਬੰਦ ਪਿਆ ਹੈ। ਪਰੰਤੂ ਸਰਕਾਰ ਵੱਲੋਂ ਸੋਲਿਡ ਵੇਸਟ ਪਲਾਂਟ ਲਾਉਣਾ ਵੀ ਜਰੂਰੀ ਹੈ। ਇਸ ਲਈ ਸਮੁੱਚੇ ਹਾਊਸ ਨੇ ਇਹ ਫੈਸਲਾ ਕੀਤਾ ਕਿ ਇਸ ਪਲਾਂਟ ਨੂੰ ਆਬਾਦੀ ਤੋਂ ਕਿਤੇ ਦੂਰ ਜਮੀਨ ਖਰੀਦ ਕੇ ਲਗਾਇਆ ਜਾਵੇ। ਇਸ ਪਲਾਂਟ ਲਈ ਲੋੜੀਂਦੀ ਜਮੀਨ ਖਰੀਦਣ ਅਤੇ ਹੋਰ ਬਣਦੀਆਂ ਕਾਰਵਾਈਆਂ ਕਰਨ ਦੇ ਅਧਿਕਾਰ ਸਮੁੱਚੇ ਹਾਊਸ ਨੇ ਸਰਵ-ਸੰਮਤੀ ਨਾਲ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ, ਮਾਨਯੋਗ ਐਸ.ਡੀ.ਐਮ. ਸਾਹਿਬ ਬਠਿੰਡਾ ਅਤੇ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਕਮੇਟੀ ਮੈਂਬਰ ਨਿਯੁਕਤ ਕਰਕੇ ਅਧਿਕਾਰ ਦਿੱਤੇ ਗਏ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।